# ਲਾਵਾਰਸ ਲਾਸ਼

## ਦੀ ਪੁਕਾਰ




ਲੇਖਕ :

ਗੁਰਜੀਤ ਸਿੰਘ ਵੈਰੋਂਵਾਲ


ਆਜ ਮਰਾ ਹੁਆ ਹਮੇਂ ਮੱਤ ਸਮਝੋ, ਅਭੀ ਦਿਲ ਹਮਾਰਾ ਧੜਕਤਾ ਹੈ ।
ਬਲਿਊ ਸਟਾਰ ਅਭੀ ਹਮੇਂ ਨਹੀਂ ਭੂਲਾ, ਲਾਲ ਕਿਲ੍ਹਾ ਆਖੋਂ ਮੇਂ ਰੜਕਤਾ ਹੈ ।

੧ੴ ਸਤਿਗੁਰ ਪ੍ਰਸਾਦਿ ॥

# *ਲਾਵਾਰਸ ਲਾਸ਼ ਦੀ ਪੁਕਾਰ*

ਪਹਿਲੀ ਐਡੀਸ਼ਨ : ਨਵੰਬਰ 2009

*ਲੇਖਕ*

**ਗੁਰਜੀਤ ਸਿੰਘ ਵੈਰੋਂਵਾਲ**

ਪਿੰਡ ਤੇ ਡਾਕ. : ਵੈਰੋਂਵਾਲ

ਤਹਿਸੀਲ : ਖਡੂਰ ਸਾਹਿਬ

ਜ਼ਿਲ੍ਹਾ : ਤਰਨ ਤਾਰਨ

ਮੋਬਾਇਲ ਨੰ. : 94781-53354

**E-mail : gsvairowal@gmail.com**

**ਸਭ ਹੱਕ ਲੇਖਕ ਦੇ ਰਾਖਵੇਂ ਹਨ**

ਟਾਈਪ ਸੈਟਿੰਗ

ਬਲਜਿੰਦਰ ਸਿੰਘ ਖਨੌਰੀ

ਛਾਪਕ

ਡਾਫੋਡਿਲ ਪ੍ਰਿੰਟਿੰਗ ਪ੍ਰੈੱਸ

ਇੰਡਸਟਰੀਅਲ ਏਰੀਆ, ਪਟਿਆਲਾ

ਮੁੱਲ : 50 ਰੁਪਏ।

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਜ਼ਰੂਰੀ ਨੋਟ : ਪੁਸਤਕ ਨਾਲ ਸੰਬੰਧਤ ਵਿਵਾਦ ਕੇਵਲ ਤਰਨ ਤਾਰਨ ਦੀ ਅਦਾਲਤ ਵਿੱਚ ਹੀ ਨਿਪਟਾਏ ਜਾਣਗੇ।

# ਸਮਰਪਣ

ਸਤਿਕਾਰਯੋਗ ਪਿਤਾ ਜੀ ਸ੍ਰ. ਸੁਖਦੇਵ ਸਿੰਘ, ਮਾਤਾ ਜੀ ਕੁਲਬੀਰ ਕੌਰ ਜਿਨ੍ਹਾਂ ਦੇ ਪਿਆਰ ਅਤੇ ਸਿੱਖਿਆ ਸਦਕਾ ਮੈਨੂੰ ਗੁਰਮਤਿ ਦੀ ਗੁੜ੍ਹਤੀ ਮਿਲੀ।

*- ਗੁਰਜੀਤ ਸਿੰਘ ਵੈਰੋਂਵਾਲ*

# ਤਤਕਰਾ


| | | |
|---|---|---|
| | ਦੋ ਸ਼ਬਦ | ਖ |
| | ਭੂਮਿਕਾ | ਙ |
| | ਮੁੱਖ ਬੰਦ | 1 |
| 1. | ਦੁਨੀਆਂ | 3 |
| 2. | ਸਾਡਾ ਸੱਭਿਆਚਾਰ | 4 |
| 3. | ਸਿੰਘ ਸਰਦਾਰ | 5 |
| 4. | ਬਾਬਾ ਜਰਨੈਲ ਸਿੰਘ | 7 |
| 5. | ਇਹ ਪੰਜਾਬ ਨਹੀਂ | 8 |
| 6. | ਖ਼ਾਲਸਾ ਰਾਜ | 10 |
| 7. | ਅੱਤਵਾਦੀ...? | 14 |
| 8. | ਅੱਤਵਾਦੀ... | 15 |
| 9. | ਸਰਬੰਸ ਦਾਨੀ | 16 |
| 10. | ਪੰਜਾਬ ਦੀ ਹਾਲਤ | 18 |
| 11. | ਸੰਤਾਂ ਦੇ ਕੌਤਕ | 20 |
| 12. | ਸਾਲ 1984 | 23 |
| 13. | ਗਿਲਾ | 25 |
| 14. | ਧਰਤੀ | 27 |
| 15. | ਵਿਰਲਾ ਯੋਧਾ | 29 |
| 16. | ਅਜੋਕੇ ਸਿੱਖ | 30 |
| 17. | ਭੁਲੇਖੇ | 31 |
| 18. | ਨਸੀਅਤ | 32 |
| 19. | ਗੱਭਰੂ | 34 |


ਗਿਆਨੀ ਸਰੂਪ ਸਿੰਘ ਕੜਿਆਣਾ ★ ਪੰਥਕ ਢਾਡੀ ਜੱਥਾ 98150-03075 ★ ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

| | | |
|---|---|---|
| 20. | ਮਾਪੇ | 35 |
| 21. | ਕਿਸਾਨ | 36 |
| 22. | ਅੱਖਾਂ | 38 |
| 23. | ਗੁਰੂ ਦਸਮੇਸ਼ ਜੀ | 39 |
| 24. | ਕਿਆ ਹਮ ਆਜ਼ਾਦ ਹੈਂ ? | 41 |
| 25. | ਇਸ਼ਮੀਤ | 43 |
| 26. | ਮਾਂ...? | 46 |
| 27. | ਗੁਰੂ ਸੱਚ ਬੋਲਦਾ | 47 |
| 28. | ਲਾਵਾਰਸ ਲਾਸ਼ ਦੀ ਪੁਕਾਰ | 51 |
| 29. | "ਪੰਜਾਬ" | 54 |
| 30. | ਪੈਸਾ | 56 |
| 31. | ਬੱਚੀ ਦੇ ਸਵਾਲ | 58 |
| 32. | ਅੱਜ ਕੱਲ੍ਹ ਮਹਾਨ ਬਣਨ ਦੇ ਨੁਕਤੇ | 60 |
| 33. | ਮੈਂ ਹਾਂ ਦੁਖੀਆ ਪੰਜਾਬ | 62 |
| 34. | ਸਮਾਂ | 65 |
| 35. | ਕਾਹਦਾ ਮਾਣ | 66 |
| 36. | ਹਰ ਥਾਂ 'ਤੇ ਤੂੰ ਮੌਜੂਦ ਦਾਤਾ | 67 |
| 37. | ਦਿਨ ਥੋੜ੍ਹੇ ਨੇ, ਫਿਰ ਅਸੀਂ ਤੁਰ ਪੈਣਾ | 68 |
| 38. | 'ਖਾੜਕੂ' ਪੁੱਤ ਨੂੰ ਮਾਂ ਦਾ ਤਰਲਾ | 69 |
| 39. | ਅਣ ਜੰਮੀ ਭੈਣ ਨੂੰ | 73 |



ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

# ਦੋ ਸ਼ਬਦ

ਜਦੋਂ ਤੋਂ ਗੁਰਬਾਣੀ ਦੀ ਇਨਕਲਾਬੀ ਵਿਚਾਰਧਾਰਾ ਦਾ ਮੁੱਢ ਬੱਝਾ ਹੈ, ਉਦੋਂ ਤੋਂ ਹੀ ਇਸ ਦਾ ਵਿਰੋਧ ਕਰਦੇ ਹੋਏ ਇਸ ਵਿਚਾਰਧਾਰਾ ਦਾ ਮਲੀਆ ਮੇਟ ਕਰ ਦੇਣ ਵਾਲੇ ਵੀ ਮੰਦ ਨੀਯਤਾਂ ਨਾਲ ਲੱਗੇ ਹੋਏ ਹਨ। ਗੁਰੂ ਸਿਧਾਂਤ ਦੀ ਬਰਕਤ ਵੀ ਇੰਨੀ ਵੱਡੀ ਸੀ ਕਿ ਇਸ ਦੀ ਪਹਿਰੇਦਾਰੀ ਕਰਨ ਵਾਲੇ ਸਿੰਘਾਂ, ਸਿੰਘਣੀਆਂ, ਭੁਝੰਗੀਆਂ, ਸਿੱਖ ਸੂਰਮਿਆਂ ਨੇ ਵੀ ਜ਼ਾਲਮ ਦਾ ਇਹੋ ਜਿਹੇ ਅਖਾਣ ਪਾ ਪਾ ਕੇ ਮੂੰਹ ਮੋੜ ਦਿਤਾ।

**'ਮੰਨੂ ਸਾਡੀ ਦਾਤਰੀ, ਅਸੀ ਮੰਨੂ ਦੇ ਸੋਏ।**

**ਜਿਉਂ ਜਿਉਂ ਮੰਨੂ ਵੱਢਦਾ ਅਸੀ ਦੂਣ ਸਵਾਏ ਹੋਏ।'**

ਦੇ ਪਹਿਰੇਦਾਰਾਂ ਨੂੰ ਖ਼ਤਮ ਕਰਦਿਆਂ ਕਰਦਿਆਂ ਜ਼ਾਲਮ (ਜਿਹੜੇ ਧਾਰਮਕ ਵੀ ਸਨ, ਰਾਜਨੀਤਕ ਵੀ ਸਨ, ਸਮਾਜਕ ਵੀ ਸਨ) ਹਾਰੇ ਵੀ, ਥੱਕੇ ਵੀ, ਘਬਰਾਏ ਵੀ, ਮੁੱਕੇ ਵੀ ਪਰ ਗੁਰਸਿੱਖ ਨਾ ਹਾਰੇ, ਨਾ ਥੱਕੇ, ਨਾ ਘਬਰਾਏ, ਨਾ ਮੁੱਕੇ। ਜ਼ੁਲਮ ਕਰਨ ਵਾਲੇ ਜਹਾਂਗੀਰ, ਸ਼ਾਹ ਜਹਾਨ, ਔਰੰਗਜੇਬ, ਅਹਿਮਦ ਸ਼ਾਹ, ਜ਼ਕਰੀਆ ਖ਼ਾਨ, ਯਾਹੀਆ ਖ਼ਾਨ, ਮੀਰ ਮੰਨੂ ਤੋਂ ਲੈ ਕੇ ਇੰਦਰਾ ਗਾਂਧੀ, ਰਾਜੀਵ ਗਾਂਧੀ, ਅਡਵਾਨੀ ਆਦਿਕ ਤੇ ਇਨ੍ਹਾਂ ਦੀ ਸੋਚ ਦੇ ਵਾਰਸ ਸਾਰੇ ਰਾਜਨੀਤਕ ਲੋਕ ਸਨ। ਇਨ੍ਹਾਂ ਸਾਰੇ ਰਾਜਨੀਤਕਾਂ ਨੂੰ ਸ਼ਹਿ ਦੇਣ ਵਾਲੇ, ਉਹ ਅਖੌਤੀ ਧਰਮੀ ਤੇ ਇਨ੍ਹਾਂ ਸਭ ਦੇ ਵਾਰਸ, ਜਿਨ੍ਹਾਂ ਦੇ ਪਾਖੰਡ ਦੇ ਭਾਂਡੇ ਭਗਤ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਬਾਬਾ ਨਾਨਕ ਜੀ ਨੇ ਚੌਰਸਤੇ ਵਿਚ ਭੰਨੇ, ਇਨ੍ਹਾਂ ਨੇ ਉਹ ਕਈ ਤਰੀਕੇ ਵਰਤੇ ਤੇ ਹਰੇਕ ਤਰ੍ਹਾਂ ਦਾ ਜ਼ੁਲਮ ਕੀਤਾ ਪਰ ਗੁਰਸਿੱਖ ਇਹ ਗਾਉਂਦੇ ਰਹੇ :

**"ਕੋਈ ਜ਼ੁਲਮ ਕੋਈ ਸਿਤਮ ਸਾਨੂੰ ਝੁਕਾ ਸਕਦਾ ਨਹੀਂ, ਮੁਕਾ ਸਕਦਾ ਨਹੀਂ।**

**ਅਜੇ ਤਾਂ ਸਾਡੀਆਂ ਰਗਾਂ 'ਚ ਕਲਗੀਧਰ ਦਾ ਖ਼ੂਨ ਹੈ।"**

ਅੱਜ ਦੇ ਹਰ ਤਰ੍ਹਾਂ ਦੇ ਪਾਪੀਆਂ ਨੇ ਨੀਤੀ ਵਿਚ ਕੁੱਝ ਹੋਰ ਵਾਧਾ ਕਰਦਿਆਂ ਨਵੀਂ ਨੀਤੀ ਨੂੰ ਕੁੱਝ ਵਧੇਰੇ ਤਰਜੀਹ ਦੇ ਦਿਤੀ ਹੈ ਕਿਉਂਕਿ ਪਹਿਲੇ ਵਿਰੋਧੀ ਪੂਰਾ

ਜ਼ੋਰ ਲਾ ਕੇ ਕਾਮਯਾਬ ਵੀ ਨਾ ਹੋਏ ਤੇ ਜ਼ੁਲਮ ਕਰਨ ਕਰਕੇ ਬਦਨਾਮੀ ਵੀ ਖੱਟ ਗਏ, ਜੋ ਇਤਿਹਾਸ ਨੇ ਕਾਲੇ ਅਖਰਾਂ ਵਿਚ ਲਿਖੀ ਹੈ। ਹੁਣ ਸਮੇਂ ਦੇ ਹਾਣੀ ਹੁੰਦਿਆਂ ਪਾਪੀਆਂ ਨੇ ਜੋ ਨਵੀਂ ਨੀਤੀ ਅਪਣਾਈ ਹੈ। ਇਸ ਵਿਚ ਉਹ ਕਾਮਯਾਬ ਵੀ ਹੁੰਦੇ ਨਜ਼ਰ ਆ ਰਹੇ ਹਨ ਤੇ ਬਦਨਾਮ ਵੀ ਨਹੀਂ ਹੁੰਦੇ। ਇਸੇ ਨਵੀਂ ਨੀਤੀ ਨੇ ਸਾਡੇ ਸੋਹਣੇ ਸਰਦਾਰ ਗੱਭਰੂਆਂ ਦੇ ਮੂੰਹ ਸਿਰ ਸਫਾ ਚੱਟ ਕਰ ਦਿਤੇ। ਪਰ ਪੱਗ ਸਿਰਾਂ ਤੋਂ ਗਵਾਚ ਗਈ, ਨਸ਼ੇ ਬੇਅੰਤ ਕਿਸਮ ਦੇ ਲਾ ਦਿੱਤੇ, ਮਾਤ ਭਾਸ਼ਾ ਛੱਡ ਕੇ ਹਿੰਦੀ ਦਾ ਜ਼ੋਰ, ਪੰਜਾਬੀ ਦੇ ਨਾਂ 'ਤੇ ਗੰਦਾ ਸਭਿਆਚਾਰ, ਸਾਧਾਂ ਦੇ ਡੇਰਿਆਂ ਦੀਆਂ ਭੀੜਾਂ ਅਤੇ ਹਰ ਤਰ੍ਹਾਂ ਦਾ ਵਹਿਮ ਭਰਮ, ਪਖੰਡ, ਹੋਰ ਤਾਂ ਹੋਰ ਭਰੂਣ ਹਤਿਆ ਤੋਂ ਅੱਗੇ ਲੰਘ ਕੇ, ਪੰਜਾਬ ਦੀਆਂ ਧੀਆਂ ਨੇ ਵੀ ਸਿਰ ਦੇ ਵਾਲ ਤੇ ਭਰਵੱਟੇ ਝਾੜ ਸੁੱਟੇ। ਪਵਿੱਤਰ ਰਿਸ਼ਤੇ ਗੰਧਲੇ ਹੁੰਦੇ ਦਿਸ ਰਹੇ ਹਨ। ਭਾਵੇਂ ਸੁਧਾਰ ਦੀ ਆਸ ਨਜ਼ਰ ਆਉਂਦੀ ਹੈ। ਪਰ ਉਪ੍ਰੋਕਤ ਸਿੱਖੀ ਦੇ ਦੁਸ਼ਮਣਾਂ ਦੀ ਅਪਣਾਈ ਹੋਈ ਨਵੀਂ ਨੀਤੀ ਨੁਕਸਾਨ ਵੀ ਡਾਢਾ ਕਰ ਰਹੀ ਹੈ ਜਿਸ ਵਿਚ ਸਾਡੇ ਆਪਣੇ ਪੰਥਕ ਅਖਵਾਉਣ ਵਾਲੇ ਵੀ ਸ਼ਾਮਲ ਹੋ ਚੁੱਕੇ ਹਨ। ਜਿਥੇ ਦੁਸ਼ਮਣਾਂ ਦੀਆਂ ਗੰਦੀਆਂ ਨੀਤੀਆਂ ਦਾ ਆ ਰਿਹਾ ਹੜ੍ਹ, ਬੜੇ ਜ਼ੋਰ ਨਾਲ ਸਿੱਖ ਸਮਾਜ ਨੂੰ ਡੋਬਦਾ ਜਾ ਰਿਹਾ ਹੈ, ਉਥੇ ਗੁਰੂ ਨਾਨਕ ਜੀ ਦੇ ਜਾਂਬਾਜ਼ ਸੂਰਮੇ ਵੀ ਬੰਨ੍ਹ ਲਾਉਂਦੇ ਲੇਖੇ ਲੱਗੇ ਹਨ ਤੇ ਹੋਰ ਲੱਗੀ ਜਾ ਰਹੇ ਹਨ। ਸਵਾਉਣ ਵਾਲਿਆਂ ਨਾਲੋਂ ਜਗਾਉਣ ਵਾਲਿਆਂ ਦੀ ਗਿਣਤੀ ਭਾਵੇਂ ਥੋੜ੍ਹੀ ਹੈ, ਪਰ ਇਸ ਆਸ ਨਾਲ ਕਿ ਸਾਡੇ ਵੀਰ, ਭੈਣਾਂ ਜਾਗ ਜਾਣ, ਲੁੱਟੇ ਨਾ ਜਾਣ, ਬਰਬਾਦ ਨਾ ਹੋਣ, ਇਸ ਲਈ ਹੋਕੇ ਦਿਤੇ ਜਾ ਰਹੇ ਹਨ। ਵੀਰ ਗੁਰਜੀਤ ਸਿੰਘ ਦੀ ਇਹ ਹੱਥਲੀ ਪੁਸਤਕ ਦਿਲ ਨੂੰ ਟੁੰਭਦੀ ਹੈ ਅਤੇ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ। ਸੰਗਤਾਂ ਵਿਚ ਸਟੇਜਾਂ 'ਤੇ ਜਿਥੇ ਵੀ ਇਹ ਕਵਿਤਾਵਾਂ ਗਾਈਆਂ ਗਈਆਂ, ਉਥੇ ਹੀ ਜਾਗਰੂਕ ਸਿੱਖਾਂ ਨੇ ਇਸ ਦੀ ਸਲਾਹੁਤਾ ਵੀ ਕੀਤੀ ਤੇ ਘਰ ਘਰ ਪਹੁੰਚਾ ਦੇਣ ਲਈ ਵੀ ਆਖਿਆ। 'ਅੱਜ ਦਿਆਂ ਬਾਬਿਆਂ ਨੇ ਘਰ ਲੁੱਟ ਕੇ ਪੰਜਾਬੀਆਂ ਨੇ ਖਾ ਲਏ', 'ਵਿਚ ਕੁੱਖ ਦੇ ਪਲ ਦੀਏ ਭੈਣੇ ਨੀ', 'ਮੇਰੇ ਖੇਤਾਂ ਦੇ ਵਿਚ ਲਾਸ਼ ਪਈ', 'ਸੋਹਣੀ ਸ਼ਕਲ ਤੇ ਸੋਹਣੀ ਪੱਗ ਵਾਲਾ ਇਸ਼ਮੀਤ ਜੁਦਾ ਜਦ ਹੋ ਗਿਆ', 'ਹਮ ਕੈਸੇ ਕਹਿ ਦੇਂ, ਹਮਾਰਾ ਮੁਲਕ ਆਜ਼ਾਦ ਹੈ', 'ਗੁਰੂ ਸਾਡਾ ਸੱਚ ਬੋਲਦਾ' ਆਦਿਕ ਕਵਿਤਾਵਾਂ ਜਿਥੇ ਬੁਰਾਈਆਂ ਦਾ ਭਾਂਡਾ ਭੰਨਦੀਆਂ ਹਨ, ਉਥੇ ਧਾਰਮਕ, ਰਾਜਨੀਤਕ ਆਗੂਆਂ

ਨੂੰ ਲਾਹਨਤਾਂ ਪਾਉਂਦਿਆਂ ਸਾਨੂੰ ਵੀ ਜਾਗਣ ਲਈ ਮਜਬੂਰ ਕਰਦੀਆਂ ਹਨ। ਗੁਰੂ ਅੱਗੇ ਅਰਦਾਸ ਹੈ ਗੁਰਜੀਤ ਸਿੰਘ ਦੀ ਕਲਮ ਹੋਰ ਤਿੱਖੀ ਹੋਵੇ ਤਾਂ ਕਿ ਢੀਠਤਾਈ ਦੀਆਂ ਹੱਦਾਂ ਟੱਪਣ ਵਾਲਿਆਂ ਨੂੰ ਵਲੂੰਧਰਿਆ ਜਾ ਸਕੇ ਤੇ ਗੰਦਾ ਖ਼ੂਨ ਨਿਕਲ ਜਾਵੇ। ਇਹ ਵੀ ਪੰਥਕ ਕਾਫ਼ਲੇ ਦੇ ਸੁਚੱਜੇ ਪਹਿਰੇਦਾਰ ਬਣ ਸਕਣ। ਹੋਈਆਂ ਗਲਤੀਆਂ ਦੀ ਸਤਿਗੁਰੂ ਤੋਂ ਖਿਮਾ ਮੰਗਦੇ ਹੋਏ ਸਿੱਖ ਸੰਗਤਾਂ ਤੋਂ ਆਸ ਕਰਦੇ ਹਾਂ ਕਿ ਤੁਸੀ ਆਪ ਵੀ ਇਸ ਵੀਰ ਨੂੰ ਚੰਗਾ ਹੁੰਗਾਰਾ ਦਿਉਗੇ।

ਨਵੰਬਰ 2009


**ਸੁਖਵਿੰਦਰ ਸਿੰਘ ਦਦੇਹਰ,**

ਨਿਆਰਾ ਖ਼ਾਲਸਾ ਨੌਜਵਾਨ ਜਥੇਬੰਦੀ,

ਲੁਧਿਆਣਾ।

ਮੋ. ਨੰ.: 98555-98855

# ਭੂਮਿਕਾ

1984 ਜਾਂ ਉਸ ਤੋਂ ਬਾਅਦ ਦੇ ਸਮੇਂ ਨੂੰ ਪੰਜਾਬ ਦਾ ਹਰ ਨੌਜਵਾਨ ਆਪਣੇ ਦਿਲ ਵਿਚ ਸੰਭਾਲੀ ਬੈਠਾ ਹੈ ਅਤੇ ਆਪਣੇ ਆਪਣੇ ਤਰੀਕੇ ਨਾਲ ਉਸ ਨੂੰ ਬਿਆਨ ਵੀ ਕਰਦਾ ਹੈ। ਕੋਈ ਨਾਵਲਾਂ, ਕਹਾਣੀਆਂ ਰਾਹੀਂ, ਕੋਈ ਸਟੇਜਾਂ 'ਤੇ ਲੈਕਚਰਾਂ ਰਾਹੀਂ ਆਪਣੇ ਮਨ ਦੀ ਗੱਲ ਨੂੰ ਕਹਿਣ ਦਾ ਯਤਨ ਕਰਦਾ ਹੈ। ਇਸੇ ਤਰ੍ਹਾਂ ਮੈਂ ਵੀ ਜੋ ਪੜ੍ਹਿਆ-ਸੁਣਿਆ ਸੀ, ਉਸ ਨੂੰ ਆਪਣੀ ਕਵਿਤਾਵਾਂ ਰਾਹੀਂ ਬਿਆਨ ਕਰਨ ਦਾ ਯਤਨ ਕੀਤਾ ਹੈ। ਮੈਂ ਕੋਈ ਸ਼ਾਇਰ ਜਾਂ ਕਵੀ ਨਹੀਂ। ਇਹ ਤਾਂ ਬਸ ਮੈਂ ਬੀਤੇ ਸਮੇਂ ਨੂੰ ਆਪਣੀ ਸੋਚ ਮੁਤਾਬਕ ਤੁਕਬੰਦੀ ਦੇ ਕੇ ਆਪਣੀ ਨਿੱਜੀ ਡਾਇਰੀ ਵਿਚ ਉਤਾਰਿਆ ਸੀ ਜੋ ਅੱਜ ਤੁਹਾਡੇ ਸਾਹਮਣੇ ਹੈ। ਬੀਤੇ ਮਾਹੌਲ ਬਾਰੇ ਤਾਂ ਮੈਂ ਆਪਣੇ ਪਰਿਵਾਰ ਤੋਂ ਜਾਂ ਆਲੇ ਦੁਆਲੇ ਤੋਂ ਬਹੁਤ ਕੁੱਝ ਸੁਣਿਆ ਸੀ ਕਿ ਕਿਵੇਂ ਸਾਨੂੰ ਖ਼ਤਮ ਕਰਨ ਲਈ ਹਰ ਹੀਲਾ ਵਰਤਿਆ ਗਿਆ। ਸ਼ਰੇਆਮ ਮੌਤ ਦਾ ਨੰਗਾ ਨਾਚ ਹੋਇਆ ਪਰ ਜਦੋਂ ਮੈਂ 2005 ਵਿਚ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਿਖੇ ਦਾਖਲਾ ਲਿਆ ਤਾਂ ਹੋਰ ਵੀ ਹੈਰਾਨੀ ਹੋਈ ਕਿ ਅੱਜ ਜੋ ਸਿੱਖੀ ਵਿਚ ਦਿਨੋਂ ਦਿਨ ਗਿਰਾਵਟ ਆ ਰਹੀ ਹੈ, ਨਸ਼ਾ, ਪਤਿੱਤਪੁਣਾ, ਕਰਮਕਾਂਡ, ਬ੍ਰਾਹਮਣੀ ਰੀਤਾਂ ਆਦਿ ਪ੍ਰਫੁੱਲਤ ਹੋਏ ਨੇ। ਜੇ ਨੌਜਵਾਨ ਸਿੱਖੀ ਤੋਂ ਦੂਰ ਜਾ ਰਹੇ ਨੇ ਤਾਂ ਇਸ ਵਿਚ ਕਿਸੇ ਬੇਗਾਨੇ ਦਾ ਉਨਾ ਕਸੂਰ ਨਹੀਂ, ਜਿਨਾ ਕਿ ਉਨ੍ਹਾਂ ਦਾ ਹੈ ਜਿਨ੍ਹਾਂ ਨੂੰ ਅਸੀ ਆਪਣੇ ਮੰਨੀ ਬੈਠੇ ਹਾਂ। ਬਸ ਉਹੀ ਸਾਡੀ ਬੁੱਕਲ ਦਾ ਸੱਪ ਬਣ ਗਏ ਨੇ, ਜਿਨ੍ਹਾਂ ਦੇ ਹੱਥ ਅਸੀਂ ਪੰਥ ਦੀ ਬਾਗਡੋਰ ਦੇ ਬੈਠੇ ਹਾਂ। ਇਥੇ ਤੀਜੇ ਪਾਤਸ਼ਾਹ ਦਾ ਫੁਰਮਾਨ ਬਿਲਕੁਲ ਢੁਕਦਾ ਹੈ

**ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥**

**ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥**

ਕਹਿਣ ਤੋਂ ਭਾਵ ਕਿ ਅਸੀ ਚਿੱਟਿਆਂ ਚੋਲਿਆਂ ਵਿਚ ਲੁਕੇ ਹੋਏ ਬ੍ਰਾਹਮਣ ਨੂੰ ਪਹਿਚਾਣ ਨਹੀਂ ਸਕੇ। ਜਿਸ ਦਾ ਨਤੀਜਾ ਅੱਜ ਇਹ ਹੈ ਕਿ ਸਾਡੇ ਆਲੇ ਦੁਆਲੇ ਡੇਰਾਵਾਦ, ਦੇਹਧਾਰੀ ਗੁਰੂ, ਸੰਤਵਾਦ, ਏਨਾ ਜ਼ਿਆਦਾ ਹੋ ਗਿਆ ਹੈ ਕਿ ਇਕ

ਆਮ ਇਨਸਾਨ ਨੂੰ ਗੁਰੂ ਗ੍ਰੰਥ ਸਾਹਿਬ ਜੀ ਤਕ ਪਹੁੰਚਣ ਹੀ ਨਹੀਂ ਦਿਤਾ ਜਾਂਦਾ। ਰਸਤੇ ਵਿਚ ਹੀ ਭਰਮਾ ਕੇ ਇਹ "ਬਨਾਰਸ ਕੇ ਠੱਗ" ਲੁੱਟ ਲੈਂਦੇ ਨੇ। ਇਨ੍ਹਾਂ ਪਖੰਡੀਆਂ ਹੱਥੋਂ ਲੁੱਟਿਆ ਇਨਸਾਨ ਗੁਰੂ ਤੋਂ ਵੀ ਮੁਨਕਰ ਹੋ ਜਾਂਦਾ ਹੈ।

ਇਸ ਦੇ ਨਾਲ ਨਾਲ ਭਰੂਣ ਹੱਤਿਆ, ਅਤਿਵਾਦ, ਨਵਾਂ ਸਮਾਜ, ਲਾਵਾਰਸ ਲਾਸ਼ਾਂ, ਕਿਸਾਨ, ਨਸ਼ਾ, ਆਦਿਕ ਇਨ੍ਹਾਂ ਸਾਰਿਆਂ ਵਿਸ਼ਿਆਂ ਨੂੰ ਮੈਂ ਵੀ ਆਪਣੀਆਂ ਕਵਿਤਾਵਾਂ ਰਾਹੀਂ ਬਿਆਨ ਕੀਤਾ ਹੈ।

ਬਸ ਮੈਂ ਵੀ ਕੋਸ਼ਿਸ਼ ਕਰਾਂਗਾ ਕਿ ਜਿਵੇਂ ਪ੍ਰੋ. ਇੰਦਰ ਸਿੰਘ ਘੱਗਾ ਜੀ ਨੇ ਆਪਣੀਆਂ ਪੁਸਤਕਾਂ ਰਾਹੀਂ ਨਿਰੋਲ ਸੱਚ ਆਪ ਦੇ ਸਾਹਮਣੇ ਰੱਖਿਆ ਹੈ। ਮੈਂ ਵੀ ਉਸ ਸੱਚ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਤੁਹਾਡੇ ਸਾਹਮਣੇ ਰੱਖ ਸਕਾਂ।

ਅਖ਼ੀਰ ਵਿਚ ਮੈਂ ਧੰਨਵਾਦੀ ਹਾਂ ਗੁਰੂ ਦਾ, ਮਾਤਾ ਪਿਤਾ ਦਾ ਤੇ ਸਮੂਹ ਸਟਾਫ਼ (ਗੁਰਮਤਿ ਗਿਆਨ ਮਿਸ਼ਨਰੀ ਕਾਲਜ) ਦਾ ਜਿਨ੍ਹਾਂ ਨੇ ਮੈਨੂੰ ਇਹ ਕਿਤਾਬ ਲਿਖਣ ਦੇ ਯੋਗ ਬਣਾਇਆ।

ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਿਹ॥

ਗੁਰਜੀਤ ਸਿੰਘ ਵੈਰੋਂਵਾਲ
ਮੋ. ਨੰ. : 94781-53354

# ਮੁੱਖ ਬੰਦ

ਕੁੱਝ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਮਨੁੱਖੀ ਮਨ 'ਤੇ ਡੂੰਘਾ ਅਸਰ ਹੋ ਜਾਂਦਾ ਹੈ। ਅਜਿਹਾ ਅਸਰ ਮਨੁੱਖ ਦੀ ਕਰਨੀ, ਬਿਹਾਰ ਅਤੇ ਲਿਖਣ ਬੋਲਣ ਵਿੱਚੋਂ ਛਲਕਦਾ ਹੈ। ਦਰਦ ਦੀ ਕੋਈ ਜ਼ੁਬਾਨ ਨਹੀਂ ਹੁੰਦੀ, ਪਰ ਜੇ ਵੇਖਿਆ ਜਾਵੇ ਤਾਂ ਦਰਦ ਆਪਣਾ ਆਪ ਦੱਸਣ ਲਈ ਕਈ ਤਰੀਕੇ ਖੋਜ ਲੈਂਦਾ ਹੈ। ਸਿੱਖ ਪੰਥ ਦਾ ਇਤਿਹਾਸ ਬੜਾ ਉਤਰਾਅ ਚੜ੍ਹਾਅ ਵਾਲਾ ਇਤਿਹਾਸ ਹੈ। ਇਸ ਵਿੱਚ ਘੱਲੂਘਾਰੇ ਤੇ ਸ਼ਹਾਦਤਾਂ ਦਾ ਦੌਰ ਬੜਾ ਲਮੇਰਾ ਹੈ। ਗੁਰਮਤਿ ਦਾ ਸਿਧਾਂਤਾਂ ਨੂੰ ਜਿਊਣ ਵਾਲੀ ਕੌਮ ਸਦਾ ਹੀ ਆਪਣੇ ਨਿਵੇਕਲੇਪਣ ਦਾ ਮੁੱਲ ਉਤਾਰਦੀ ਆਈ ਹੈ। ਸਿੱਖਾਂ ਨੂੰ ਦੁਨੀਆਂ ਸਾਹਵੇਂ ਬੁਰਾ ਸਾਬਤ ਕਰਨਾ, ਉਸ ਦੇ ਅਕੀਦੇ ਤੋੜਨ ਦਾ ਯਤਨ ਕਰਨਾ, ਉਸ ਦੀ ਸੱਭਿਆਚਾਰ ਦੀ ਹੋਂਦ ਨੂੰ ਖ਼ਤਮ ਕਰਨਾ, ਉਸ ਦੇ ਸਰੂਪ ਦੇ ਸਿਧਾਂਤ ਨੂੰ ਮਲੀਆਮੇਟ ਕਰਨਾ, ਸਮੇਂ ਦੀਆਂ ਬੁਰੀਆਂ ਮੁੱਖ ਤਾਕਤਾਂ ਦਾ ਮੁੱਖ ਨਿਸ਼ਾਨਾ ਰਿਹਾ ਹੈ। ਇਸ ਜ਼ਬਰ ਨੂੰ ਸਿੱਖ ਕੌਮ ਨੇ ਆਪਣੇ ਪਿੰਡੇ 'ਤੇ ਝਲਿਆ ਹੈ ਤੇ ਉਹ ਵੀ ਆਪਣੀ ਸਰਜ਼ਮੀਨ ਪੰਜਾਬ ਦੀ ਧਰਤੀ 'ਤੇ ਸਿੱਖ ਪਛਾਣ ਅਤੇ ਇਸ ਨੂੰ ਨਾ ਪਸੰਦ ਕਰਨ ਵਾਲੀਆਂ ਤਾਕਤਾ ਦਾ ਭਗਤ ਸਾਹਿਬਾਨਾਂ ਅਤੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਹੀ ਘੋਲ ਝਲਦਾ ਆਇਆ ਹੈ। ਕਦੀ ਇਹ ਘੋਲ ਵਿਚਾਰਧਾਰਕ ਅਤੇ ਕਦੇ ਬਾਹਰੀ ਸੰਘਰਸ ਦਾ ਰੂਪ ਲੈਂਦਾ ਰਿਹਾ ਹੈ। ਬੀਤੇ ਕੁੱਝ ਸਮੇਂ ਵਿਚ ਪੰਜਾਬ ਦੇ ਜਾਇਆਂ ਨੂੰ ਅਜਿਹੇ ਹੀ ਜੁਲਮੀ ਦੌਰ ਵਿਚੋਂ ਗੁਜ਼ਰਨਾ ਪਿਆ ਜਿਸ ਦੀ ਬਾਤ ਵੀਰ ਗੁਰਜੀਤ ਸਿੰਘ ਵੈਰੋਵਾਲ ਆਪਣੀ ਇਸ ਪੁਸਤਕ ਵਿਚ ਪਾ ਰਿਹਾ ਹੈ। ਕਾਵਿ ਵੰਨਗੀਆਂ, ਕਾਵਿ ਰਸ, ਕੀ ਹੈ ਇਸ ਨੂੰ ਪਾਸੇ ਰੱਖ ਕੇ ਇਨ੍ਹਾਂ ਕਵਿਤਾਵਾਂ ਬਾਰੇ ਇਨਾ ਤਾਂ ਹੀ ਕਿਹਾ ਜਾ ਸਕਦਾ ਹੈ ਕਿ ਆਪਣੇ ਲੋਕਾਂ ਨਾਲ ਹੋਏ ਬੀਤੇ ਬ੍ਰਿਤਾਂਤ ਨੂੰ ਜਿਵੇਂ ਮਹਿਸੂਸ ਕੀਤਾ ਉਵੇਂ ਕਾਗਜ਼ ਦੀ ਹਿੱਕ ਤੇ ਉਸ ਦਰਦ ਨੂੰ ਬਿਆਨਣ ਦਾ ਯਤਨ ਹੋਇਆ ਹੈ ਅੱਜ ਨਿਜੀ ਸੁਆਰਥਾਂ, ਆਪਾ ਧਾਪੀ ਅਤੇ ਭਰਾ ਮਾਰੂ ਜੰਗ ਵਿਚ ਉਲਝਿਆ ਸਾਡਾ ਸਮਾਜ ਜਿਵੇਂ ਬੀਤੇ ਦੇ ਜ਼ਖ਼ਮਾਂ ਨੂੰ ਨਿਜੀ ਹਿਤ ਵਾਸਤੇ ਕੁਰੇਦ ਤਾਂ ਲੈਂਦਾ ਹੈ ਪਰ ਇਸ ਦਾ ਸਹੀ ਜੁਆਬ ਤੇ ਸਥਾਈ

ਹੱਲ ਨਹੀਂ ਕੱਢਦਾ ਅਤੇ ਨਾ ਹੀ ਸਿੱਖ ਪੰਥ ਦੇ ਆਸ਼ਿਆਂ ਦੀ ਪੂਰਤੀ ਲਈ ਲਾਮਬੰਦ ਨਜ਼ਰ ਆਉਂਦਾ ਹੈ। ਅਜਿਹੀ ਮੰਦ ਅਵਸਥਾ ਕੌਮੀ ਅਹਿਸਾਸ ਤੋਂ ਬਿਨਾਂ ਮਿਟ ਨਹੀਂ ਸਕਦੀ। ਆਪਣੇ ਕੌਮੀਪਨ ਦਾ ਅਹਿਸਾਸ ਹੀ ਇਤਿਹਾਸ ਨਾਲ ਜੋੜਦਾ ਹੈ ਅਤੇ ਇਤਿਹਾਸ 'ਚੋਂ ਨਵਾਂ ਭਵਿੱਖ ਤਲਾਸ਼ਿਆ ਜਾ ਸਕਦਾ ਹੈ। ਅੱਜ ਜ਼ਰੂਰਤ ਸਾਨੂੰ ਸਿੱਖ ਹੋਣ ਦੇ ਅਹਿਸਾਸ ਨੂੰ ਮਹਿਸੂਸ ਕਰਨ ਦੀ ਹੈ ਤਾਕਿ ਅਸੀ ਆਪਣੀ ਵਿਰਾਸਤ ਦੇ ਢੰਢੋਰਚੀ ਬਣ ਸਕੀਏ।

- ਪ੍ਰੋ. ਹਰਜਿੰਦਰ ਸਿੰਘ ਸਭਰਾ

ਮੋ. ਨੰ. : 98555-98833

০০০

# 1. ਦੁਨੀਆਂ

ਇਹ ਦੁਨੀਆਂ ਕੋਬਰੇ ਸੱਪ ਵਰਗੀ,
ਜ਼ਹਿਰ ਪਲਾਂ ਵਿਚ ਆਪਣਾ ਚੜ੍ਹਾ ਦਿੰਦੀ।
ਜਿਸ ਦੀ ਜ਼ਿੰਦਗੀ 'ਚ ਖੁਸ਼ੀਆਂ ਨੇ,
ਪੰਡ ਦੁਖਾਂ ਦੀ ਉਸ ਨੂੰ ਚੁਕਾ ਦਿੰਦੀ।
ਕੀ ਕਰੇ ਗ਼ਰੀਬ ਇਸ ਅੱਗੇ,
ਰਾਜੇ ਤਖ਼ਤੋਂ ਮਿਟੀ ਮਿਲਾ ਦਿੰਦੀ।
ਜੋ ਹੋ ਨਹੀਂ ਸਕਦਾ ਉਹ ਕਰ ਦਿੰਦੀ,
ਸੂਰਜ ਪੱਛਮ ਵੱਲੋਂ ਚੜ੍ਹਾ ਦਿੰਦੀ।
ਲੋਕ ਆਪਣਾ ਹੱਕ ਜਦੋਂ ਮੰਗਦੇ ਨੇ,
ਕਈ ਬੇਗੁਨਾਹ ਲੋਕ ਮਰਵਾ ਦਿੰਦੀ।
ਪਹਿਲਾਂ ਰੱਜ ਕੇ ਲੋਕਾਂ 'ਤੇ ਜ਼ੁਲਮ ਕਰਦੀ,
ਫਿਰ ਨਾਂ ਖਾੜਕੂਵਾਦ ਦਾ ਲਾ ਦਿੰਦੀ।
ਗਿੱਦੜ ਜੰਗਲ ਦਾ ਰਾਜਾ ਬਣਾ ਦਿੱਤਾ,
ਇਹ ਤਾਂ ਸ਼ੇਰ ਨੂੰ ਘਾਹ ਖੁਆ ਦਿੰਦੀ।
ਰੱਬ ਪਤਾ ਨਹੀਂ ਕਿਵੇਂ ਬਚ ਗਿਆ ਏ,
ਇਹ ਤਾਂ ਰੱਬ ਨੂੰ ਕਾਫ਼ਰ ਬਣਾ ਦਿੰਦੀ।

✪✪✪

# 2. ਸਾਡਾ ਸੱਭਿਆਚਾਰ

ਗਿੱਧੇ ਭੰਗੜੇ ਨੂੰ ਸਭਿਆਚਾਰ ਕਹਿੰਦੇ,
ਸੱਭਿਆਚਾਰ ਪੰਜਾਬ ਦਾ ਭੁੱਲ ਗਏ ਨੇ।
ਹੀਰ ਰਾਂਝੇ ਨੂੰ ਪੰਜਾਬ ਦਾ ਮਾਣ ਕਹਿੰਦੇ,
ਮੀਰ ਮਨੂੰ ਦੀ ਜੇਲ੍ਹ ਅੱਜ ਭੁੱਲ ਗਏ ਨੇ।
ਮਿਰਜਾ ਸਾਹਿਬਾਂ ਦੇ ਲਈ ਮਰਿਆ ਸੀ,
ਸ਼ਹੀਦ ਕੌਮ ਲਈ ਹੋਏ ਲੋਕੀਂ ਭੁੱਲ ਗਏ ਨੇ।
ਗੁਲਾਮੀ ਕੀਤੀ ਸੀ ਰਾਂਝੇ ਨੇ ਹੀਰ ਬਦਲੇ,
ਭਾਈ ਗਰਜਾ ਸਿੰਘ, ਬੋਤਾ ਸਿੰਘ ਭੁੱਲ ਗਏ ਨੇ।
ਪਾਣੀ ਵਿੱਚ ਸੀ ਡੁੱਬੇ ਮਹੀਵਾਲ ਸੋਹਣੀ,
ਸਰਸਾ ਵਿੱਚ ਜੋ ਡੁੱਬੇ, ਲੋਕੀਂ ਭੁੱਲ ਗਏ ਨੇ।
ਸੱਸੀ ਪੁੰਨੂ ਮਰੇ ਤੱਤੀ ਰੇਤ ਉਤੇ,
ਗੁਰੂ ਅਰਜਨ 'ਤੇ ਰੇਤਾ ਲੋਕੀਂ ਭੁੱਲ ਗਏ ਨੇ।
ਵੱਜੇ ਮਜਨੂੰ ਨੂੰ ਪੱਥਰ ਤਾਂ ਯਾਦ ਰਹਿਗੇ,
ਸਾਹਿਬਜ਼ਾਦੇ ਸਰਹੰਦ ਲੋਕੀਂ ਭੁੱਲ ਗਏ ਨੇ।
ਇਹ ਤਾਂ ਆਸ਼ਕ ਹੋਏ ਸਿਰਫ ਜਿਸਮ ਦੇ ਸੀ,
ਜ ਆਸ਼ਕ ਮੌਤ ਦੇ ਹੋਏ, ਲੋਕੀਂ ਭੁੱਲ ਗਏ ਨੇ

○○○

# 3. ਸਿੰਘ ਸਰਦਾਰ

ਅੱਜ ਤੜਕੇ ਈ ਪੱਗ ਇਹਨਾਂ ਬੰਨ੍ਹ ਲਈ ਏ,
ਮੈਨੂੰ ਲਗਦਾ ਸਿੰਘ ਕਿਤੇ ਬਾਹਰ ਚੱਲੇ
ਕੋਈ ਖਾਸ ਹੀ ਕੰਮ ਮੈਨੂੰ ਲਗਦਾ ਏ,
ਕ੍ਰਿਪਾਨ ਵੱਡੀ ਤੇ ਹੋ ਕੇ ਤਿਆਰ ਚੱਲੇ।
ਕਿਨੇ ਸਿੱਖੀ ਸਰੂਪ ਵਿੱਚ ਫੱਬ ਰਹੇ ਨੇ,
ਸ਼ਾਇਦ ਸਿੱਖੀ ਦਾ ਕਰਨ ਪ੍ਰਚਾਰ ਚੱਲੇ।
ਵੇਖ ਇਹਨਾਂ ਨੂੰ ਰੂਹ ਖੁਸ਼ ਹੋ ਜਾਂਦੀ,
ਚੰਨ ਵਰਗੇ ਮੁਖੜੇ ਨਿਖਾਰ ਚੱਲੇ।
ਲੋਕ ਦੇਖ ਕੇ ਇਹਨਾਂ ਨੂੰ ਸੋਚਦੇ ਨੇ,
ਇਕੱਠੇ ਹੋ ਕੇ ਕਿਥੇ ਸਰਦਾਰ ਚੱਲੇ।
ਵੇਖ ਇਹਨਾਂ ਨੂੰ ਖ਼ਾਲਸਾ ਨਜ਼ਰ ਅਉਂਦਾ,
ਚਿੱਟੇ ਘੋੜਿਆਂ 'ਤੇ ਹੋ ਅਸਵਾਰ ਚੱਲੇ।
ਅੱਖਾਂ ਲਾਲ ਤੇ ਡੌਲੇ ਫੜਕਦੇ ਨੇ,
ਸ਼ਾਇਦ ਕਿਸੇ ਪਾਪੀ ਦਾ ਕਰਨ ਸੁਧਾਰ ਚੱਲੇ।
ਜਿਸ ਕੋਲ ਚੱਲ ਉਹਦੀ ਖੈਰ ਹੈਨੀ,
ਮੈਨੂੰ ਲੱਗਦਾ ਪਿੰਡ ਭਨਿਆਰ ਚੱਲੇ।
ਬਾਬੇ ਵਾਦ ਤੋਂ ਲੱਗਦਾ ਏ ਤੰਗ ਹੋ ਕੇ,
ਆਸ਼ੂਤੋਸ਼ ਨੂੰ ਸੋਧਨ ਬਿਹਾਰ ਚੱਲੇ।
ਜਿਹੜੇ ਵਚਨ ਕੌਮ ਦੇ ਨਾਲ ਕੀਤੇ,
ਪੂਰੇ ਕਰਨ ਉਹ ਕੌਲ ਕਰਾਰ ਚੱਲੇ।
ਇਹਨਾਂ ਤੋਪਾਂ ਬੰਦੂਕਾਂ ਨਾਲ ਰੁਕਣਾ ਨਹੀਂ,
ਬੰਬ ਪਹਿਲਾਂ ਹੀ ਕਈ ਹਜ਼ਾਰ ਚੱਲੇ।
ਇਹਨਾ ਮੌਤ ਨੂੰ ਜ਼ਿੰਦਗੀ ਸਮਝਿਆ ਏ,

ਜ਼ਿੰਦਗੀ ਮੌਤ ਦਾ ਕਰਨ ਵਪਾਰ ਚੱਲੇ।
ਛੱਡਿਆ ਮੋਹ ਪਰਿਵਾਰ ਤੇ ਬੱਚਿਆਂ ਦਾ,
ਇਹ ਤਾਂ ਕੌਮ ਲਈ ਛੱਡ ਘਰ ਬਾਰ ਚੱਲੇ।
ਸਿੱਖ ਕੌਮ 'ਚ ਸਿੱਖ ਗਦਾਰ ਹੈਗੇ,
ਇਹ ਤਾਂ ਕਈ ਗੱਦਾਰ ਗੱਡੀ ਚਾੜ੍ਹ ਚੱਲੇ।
ਲੜਦੇ ਸੱਚ ਲਈ ਖਾੜਕੂ ਬਣ ਜਾਂਦੇ,
ਫੜਨ ਇਹਨਾਂ ਨੂੰ ਕਈ ਥਾਣੇਦਾਰ ਚੱਲੇ।
ਨਰਕ ਵਿਚ ਤਸੀਹੇ ਏਨੇ ਨਈ ਮਿਲਦੇ,
ਜਿੰਨੀ ਝੱਲ ਪੁਲਿਸ ਦੀ ਮਾਰ ਚੱਲੇ।
ਸਰਕਾਰ ਸਿੱਖਾਂ ਨਾਲ ਸਦਾ ਤਕਰਾਰ ਕਰਦੀ,
ਹੁਣ ਸਰਕਾਰ ਦਾ ਕਰਨ ਸੁਧਾਰ ਚੱਲੇ।
ਕੋਈ ਆਗੂ ਇਹਨਾਂ ਨੂੰ ਚਾਹੀਦਾ ਏ,
ਮਿਲਣ ਜਗਤਾਰ ਨੂੰ ਪਿੰਡ ਹਵਾਰ ਚੱਲੇ।
ਚੌਰਾਸੀ ਤੋਂ ਬਾਅਦ ਜੋ ਚੁੱਪ ਹੋ ਗਏ,
ਲੈਣ ਉਹਨਾਂ ਸਿੰਘਾ ਦੀ ਸਾਰ ਚੱਲੇ।
ਯਾਦ ਕਰਕੇ ਧਾਹਾਂ ਨਿਕਲਦੀਆਂ ਨੇ,
ਲੋਕੀਂ ਭੁੱਲ ਅੱਜ ਬਲਿਊ ਸਟਾਰ ਚੱਲੇ।
ਮਾਂਵਾਂ ਬੈਠ ਬੂਹੇ 'ਤੇ ਉਡੀਕ ਰਹੀਆਂ,
ਜਾਨਾਂ ਕੌਮ ਤੋਂ ਜਿਹੜੇ ਵਾਰ ਚੱਲੇ।
ਜਾਨਾਂ ਕੌਮ ਤੋਂ ਜਿਹੜੇ ਵਾਰ ਚੱਲੇ।

✪✪✪

# 4. ਬਾਬਾ ਜਰਨੈਲ ਸਿੰਘ

ਇੱਕ ਸ਼ੇਰ ਪੰਜਾਬ ਦੇ ਵਿਚ ਆਇਆ,
ਤੀਰ, ਕਿਰਪਾਨ ਤੇ ਪਿਸਟਲ ਉਹਦੇ ਕੋਲ ਰਹਿੰਦਾ।
ਭੇਡਾਂ ਵਾਲੀ ਖੱਲ ਉਤਾਰ ਦੇਵੋ,
ਸ਼ੇਰ ਬਣ ਜਾਉ ਸਭ ਨੂੰ ਆਪ ਕਹਿੰਦਾ।
ਜਿਨ੍ਹਾਂ ਬੱਚੇ ਨੂੰ ਵੀ ਦਉਕਾ ਮਾਰਿਆ ਨਾ,
ਹਥਿਆਰ ਚੁੱਕ ਲੈਂਦੇ ਜਿਨ੍ਹਾਂ ਦੇ ਕੋਲ ਬਹਿੰਦਾ।
ਨਕਸ਼ਾ ਪੰਜਾਬ ਦਾ ਉਸ ਨੇ ਬਦਲ ਦਿੱਤਾ,
ਜਿਹੜਾ ਪੰਜਾਬ ਸੀ ਪਿਆ ਡੱਕੇ ਡੋਲੇ ਲੈਂਦਾ।
ਸਿੰਘ ਜ਼ੁਲਮ ਹੁੰਦਾ ਨਹੀਂ ਦੇਖ ਸਕਦੇ,
ਸਿੰਘ ਹੁੰਦਾ ਨਹੀਂ ਜਿਹੜਾ ਜ਼ੁਲਮ ਸਹਿੰਦਾ।
ਸਿੱਖ ਸਦਾ ਤਿਆਰ ਬਰ ਤਿਆਰ ਰਹੇ,
ਪਿਸਟਲ ਰੱਖਣ ਦੀ ਉਹ ਸਲਾਹ ਦਿੰਦਾ
ਦਿੱਲੀ ਸਰਕਾਰ ਨੂੰ ਉਸ ਨੇ ਵਖ਼ਤ ਪਾਇਆ,
ਬੱਬਰ ਸ਼ੇਰ ਦਾ ਇੰਦਰਾ ਨੂੰ ਡਰ ਰਹਿੰਦਾ।
ਅੰਤ ਇੰਦਰਾ ਦਾ ਸਿੱਖਾਂ ਨੂੰ ਨਜ਼ਰ ਆਇਆ,
ਜਦੋਂ ਦੇਖਿਆ ਤਖ਼ਤ ਅਕਾਲ ਢਹਿੰਦਾ।
ਭਿੰਡਰਾਂਵਾਲੀਆ, ਸਿੱਖ ਰਾਜ ਕਾਇਮ ਕੀਤਾ,
ਦੇਸ਼ ਉਸ ਨੂੰ ਜਰਨੈਲ ਸਿੰਘ ਕਹਿੰਦਾ।

✪✪✪

# 5. ਇਹ ਪੰਜਾਬ ਨਹੀਂ

ਜਿਥੇ ਪੰਜ ਦਰਿਆ ਕਦੇ ਵਗਦੇ ਸੀ,
ਖੁਸ਼ੀਆਂ ਦੇ ਮੇਲੇ ਲੱਗਦੇ ਸੀ।
ਜਰਨੈਲ ਸਿੰਘ ਜਹਿ ਰਹਿੰਦੇ ਸੀ,
ਲੋਕੀ ਭਿੰਡਰਾਂ ਵਾਲਾ ਜੀਹਨੂੰ ਕਹਿੰਦੇ ਸੀ।
ਹੁਣ ਕਿਥੇ ਗਿਆ ਏ ਜਿਹਲਮ,
ਤੇ ਕਿਥੇ ਗਿਆ ਝਨਾਬ।
ਇਹ ਮੇਰਾ ਪੰਜਾਬ ਨਹੀਂ,
ਕਿਉਂ ਬਦਲ ਗਿਆ ਪੰਜਾਬ।
ਇਹ ਲਾਸ਼ਾਂ ਕਿਨ੍ਹਾਂ ਦੀਆਂ ਪਈਆਂ ਨੇ ?
ਇਹ ਮਾਵਾਂ ਕਿਉਂ ਰੋ ਰਹੀਆਂ ਨੇ ?
ਇਹ ਚਾਰੇ ਪਾਸੇ ਰੌਲਾ ਕਿਉਂ ?
ਹੈ ਸਭਨਾ ਦਾ ਦਿਲ ਹੌਲਾ ਕਿਉਂ ?
ਕਿਉਂ ਹੋਇਆ ਮਾਹੌਲ ਖਰਾਬ ?
ਇਹ ਮੇਰਾ ਪੰਜਾਬ ਨਹੀਂ,
ਕਿਉਂ ਬਦਲ ਗਿਆ ਪੰਜਾਬ।
ਗਲੀਂ ਟਾਇਰ ਪਾ ਕੇ ਕਿਉਂ ਸਾੜੇ ਗਏ ?
ਬੇਗੁਨਾਹ ਲੋਕ ਕਿਉਂ ਮਾਰੇ ਗਏ ?
ਇਹ ਹਮਲਾ ਕਿਉਂ ਕਰਵਾਇਆ ਗਿਆ ?
ਸਾਡਾ ਅਕਾਲ ਤਖ਼ਤ ਕਿਉਂ ਢਾਹਿਆ ਗਿਆ ?
ਸਾਡੇ ਇਨ੍ਹਾਂ ਸਵਾਲਾਂ ਦੇ ਕਿਹੜਾ ਦੇਊ ਜਵਾਬ।
ਇਹ ਮੇਰਾ ਪੰਜਾਬ ਨਹੀਂ,
ਕਿਉਂ ਬਦਲ ਗਿਆ ਪੰਜਾਬ।
ਇਹ ਜ਼ੁਲਮ ਕਿਉਂ ਕਮਾ ਰਹੇ ਨੇ ?

ਮੱਝੀ ਪ੍ਰੇਸ ਕਿਸ ਦੇ ਲਾ ਰਹੇ ਨੇ ?
ਇਹ ਅੱਖਾਂ ਕਿਸ ਦੀਆਂ ਕੱਢ ਰਹੇ ਨੇ,
ਇਹ ਜ਼ੁਬਾਨ ਕਿਸ ਦੀ ਵੱਢ ਰਹੇ ਨੇ।
ਇਹ ਆਦਮੀ ਨੇ ਜਾਂ ਜੱਲਾਦ।
ਇਹ ਮੇਰਾ ਪੰਜਾਬ ਨਹੀਂ,
ਕਿਉਂ ਬਦਲ ਗਿਆ ਪੰਜਾਬ।
ਸਾਡੇ ਕਿੰਨੇ ਗੱਭਰੂ ਮਾਰੇ ਗਏ,
ਕਿੰਨੇ ਲਾਵਾਰਿਸ ਕਹਿ ਸਾੜੇ ਗਏ।
ਕਿੰਨੇ ਨਹਿਰਾਂ ਦੇ ਵਿਚ ਰੋੜ੍ਹੇ ਗਏ,
ਕਿੰਨੇ ਜੇਲ੍ਹਾਂ ਦੇ ਵਿਚ ਤਾੜੇ ਗਏ।
ਇਹਨਾਂ ਕੀਮਤੀ ਜਾਨਾਂ ਦਾ
ਹੁਣ ਕਿਹੜਾ ਦਊ ਹਿਸਾਬ।
ਇਹ ਮੇਰਾ ਪੰਜਾਬ ਨਹੀਂ,
ਕਿਉਂ ਬਦਲ ਗਿਆ ਪੰਜਾਬ।
ਇਥੇ ਮਾੜਾ ਹਾਲ ਕਿਸਾਨੀ ਦਾ।
ਰੰਗ ਫਿਕਾ ਪਿਆ ਜੁਆਨੀ ਦਾ।
ਜੋ ਕੌਮ ਲਈ ਜਾਨਾਂ ਵਾਰ ਜਾਂਦੇ।
ਮੁੱਲ ਪੈਂਦਾ ਨਹੀਂ ਕੁਰਬਾਨੀ ਦਾ।
ਗੁਰੂਆਂ ਪੀਰਾਂ ਦੀ ਧਰਤੀ 'ਤੇ,
ਵੈਰੋਵਾਲੀਆ ਵਿਕੇ ਸ਼ਰਾਬ।
ਇਹ ਮੇਰਾ ਪੰਜਾਬ ਨਹੀਂ,
ਕਿਉਂ ਬਦਲ ਗਿਆ ਪੰਜਾਬ।

○○○

# 6. ਖ਼ਾਲਸਾ ਰਾਜ

ਕੌੜੇ ਘੁੱਟ ਅਸੀਂ ਭਰ ਲਏ ਯਾਰੋ,
ਬਹੁਤ ਤਸੀਹੇ ਜਰ ਲਏ ਯਾਰੋ।
ਬਸ ਹੁਣ ਤਖ਼ਤ 'ਤੇ ਬਹਿਣਾ ਏ,
ਸਿਰ ਤਾਜ ਧਰਨ ਦੀ ਵਾਰੀ ਏ।
ਦਿਲ ਨਾ ਛੱਡੋ ਤਕੜੇ ਹੋਵੋ,
ਰਾਜ ਕਰਨ ਦੀ ਵਾਰੀ ਏ।
ਰਾਜਿਆਂ ਵਰਗਾ ਰੋਹਬ ਹੈ ਸਾਡਾ,
ਹਿੱਕ ਦੇ ਜ਼ੋਰ 'ਤੇ ਰਹਿੰਦੇ ਹਾਂ।
ਜ਼ੁਲਮ ਕਰਨਾ ਸਾਡੇ ਧਰਮ 'ਚ ਹੈਨੀ,
ਜ਼ੁਲਮ ਕਦੇ ਨਹੀਂ ਸਹਿੰਦੇ ਹਾਂ।
ਦੱਸਾਂਗੇ ਸਿੱਖ ਕਿਵੇਂ ਬਣੀਦਾ,
ਕਿੰਜ ਸਿਰ 'ਤੇ ਚਲਦੀ ਆਰੀ ਏ।
ਦਿਲ ਨਾ ਛੱਡੋ ਤਕੜੇ ਹੋਵੋ,
ਰਾਜ ਕਰਨ ਦੀ ਵਾਰੀ ਏ।
ਭੇਡ ਬਕਰੀਆਂ ਆਗੂ ਬਣੀਆਂ,
ਸ਼ੇਰ ਵਿਚਾਰੇ ਪਿੱਛੇ ਨੇ।
ਸੂਬੇ ਜਿਹਾ ਫਿਰ ਰਾਜ ਆ ਗਿਆ,
ਬੰਦਾ ਸਿੰਘ ਜਹੇ ਕਿੱਥੇ ਨੇ?
ਬਾਜਾਂ ਵਾਲੇ ਦੇ ਪੁੱਤਰ ਹਾਂ,
ਨਲੂਏ ਨਾਲ ਸਾਡੀ ਯਾਰੀ ਏ।
ਦਿਲ ਨਾ ਛੱਡੋ ਤਕੜੇ ਹੋਵੋ,

ਰਾਜ ਕਰਨ ਦੀ ਵਾਰੀ ਏ।
ਹੱਥ ਪੈਰ ਸਾਡੇ ਬੰਨ੍ਹ ਲੈਂਦੇ ਸੀ,
ਫੇਰ ਤਸੀਹੇ ਦਿੰਦੇ ਸੀ।
ਕੁੱਤਿਆਂ ਵਾਂਗੂੰ ਘੇਰਾ ਪਾਉਂਦੇ,
ਸ਼ੇਰ ਇਹ ਖ਼ੁਦ ਨੂੰ ਕਹਿੰਦੇ ਸੀ।
ਸ਼ੇਰ ਤਾਂ ਉਹੀ ਜੋ ਲੜਦਾ ਕੱਲ੍ਹਾ,
ਜਿਸ ਨੇ ਮੌਤ ਵੰਗਾਰੀ ਏ।
ਦਿਲ ਨਾ ਛੱਡੋ ਤਕੜੇ ਹੋਵੋ,
ਰਾਜ ਕਰਨ ਦੀ ਵਾਰੀ ਏ।
ਰਾਸ਼ਟਰੀ ਪੰਛੀ ਬਾਜ ਹੈ ਸਾਡਾ,
ਮਾਂ ਖੇਡ ਸਾਡੀ ਗੱਤਕਾ ਏ।
ਬੋਲੀ ਸ਼ੁੱਧ ਪੰਜਾਬੀ ਸਾਡੀ,
ਖੰਡੇਧਾਰ ਸਾਡਾ ਰਸਤਾ ਏ
ਸ਼ੇਰਾਂ ਵਰਗੇ ਜਿਗਰੇ ਸਾਡੇ,
ਸਿੱਖੀ ਜਾਨੋ ਪਿਆਰੀ ਏ।
ਦਿਲ ਨਾ ਛੱਡੋ ਤਕੜੇ ਹੋਵੋ,
ਰਾਜ ਕਰਨ ਦੀ ਵਾਰੀ ਏ।
ਪੰਜਾਬੀ ਕਦੇ ਨਾ ਬੋਲਣੀ ਛੱਡਿਉ,
ਲਿਖਣੀ ਕਿਤੇ ਨਾ ਭੁੱਲ ਜਾਇਉ।
ਅਨਮੁੱਲੀ ਬੋਲੀ ਹੈ ਸਾਡੀ,
ਹਿੰਦੀ 'ਤੇ ਨਾ ਡੁੱਲ੍ਹ ਜਾਇਉ।
ਅੱਖਰਾਂ ਵਿਚ ਮਿਠਾਸ ਹੈ ਇਸ ਦੇ,
ਬੋਲਣ ਵਿਚ ਪਿਆਰੀ ਏ।
ਦਿਲ ਨਾ ਛੱਡੋ ਤਕੜੇ ਹੋਵੋ,

ਰਾਜ ਕਰਨ ਦੀ ਵਾਰੀ ਏ।
ਚਰਖੜੀਆਂ 'ਤੇ ਚਾੜ੍ਹਿਆ ਸਾਨੂੰ,
ਖੋਪਰ ਲਾਹ ਕੇ ਦੇਖ ਲਏ।
ਧੜ ਸਾਡੇ ਦੀ ਅੱਗ ਬਾਲ ਕੇ,
ਵੈਰੀਆਂ ਨੇ ਦਿਲ ਸੇਕ ਲਏ
ਸਿੱਰ ਦੇ ਉਤੋਂ ਹੁਣ ਹੈ ਲਾਹੁਣੀ,
ਭਾਜੀ ਜਿਹੜੀ ਚਾੜ੍ਹੀ ਏ।
ਦਿਲ ਨਾ ਛੱਡੋ ਤਕੜੇ ਹੋਵੋ,
ਰਾਜ ਕਰਨ ਦੀ ਵਾਰੀ ਏ।
ਵਾਰ ਵਾਰ ਨੇ ਛੇੜਦੇ ਸਾਨੂੰ,
ਪੁੱਠੀ ਗਿਣਤੀ ਗਿਣਦੇ ਨੇ।
ਗੁਰੂਆਂ ਦੀ ਇਹ ਰੀਸ ਲਗਾ ਕੇ,
ਕਬਰ ਆਪਣੀ ਚਿਣਦੇ ਨੇ।
ਕੁੰਭੀ ਨਰਕ ਦੀ ਸਜ਼ਾ ਦਿਆਂਗੇ,
ਜਿਸ ਨੇ ਮੌਤ ਵੰਗਾਰੀ ਏ।
ਦਿਲ ਨਾ ਛੱਡੋ ਤਕੜੇ ਹੋਵੋ,
ਰਾਜ ਕਰਨ ਦੀ ਵਾਰੀ ਏ।
ਲਾਲ ਕਿਲ੍ਹਾ ਹੱਥ ਜੋੜ-ਜੋੜ ਕੇ
ਦਰਸ਼ਨ ਸਾਡੇ ਲੋਚਦਾ ਏ।
ਰਾਖਸ਼ ਰਾਜ ਇਹ ਕਦੋਂ ਜਾਵੇਗਾ,
ਅੰਦਰੋ ਅੰਦਰੀ ਸੋਚਦਾ ਏ।
ਕੇਸਰੀ ਝੰਡਾ ਚਾੜ੍ਹ ਕੇ ਲਾਹੁਣੀ,
ਝੰਡੀ ਜਿਹੜੀ ਚਾੜ੍ਹੀ ਏ।
ਦਿਲ ਨਾ ਛੱਡੋ ਤਕੜੇ ਹੋਵੋ,

ਰਾਜ ਕਰਨ ਦੀ ਵਾਰੀ ਏ।
ਦਿੱਲੀ ਪੈਰਾਂ ਵਿਚ ਰੋਲਣੀ,
ਗਿਣ ਗਿਣ ਬਦਲੇ ਲੈਣੇ ਨੇ।
ਦੱਸਾਂਗੇ ਫੱਟ ਜਿਸਮ ਦੇ ਉਤੇ,
ਔਖੇ ਕਿੰਨੇ ਸਹਿਣੇ ਨੇ।
ਉਹੀ ਅਮਰ ਕਹਾਉਂਦੇ ਨੇ,
ਜਿਨ੍ਹਾਂ ਜਾਨ ਕੌਮ 'ਤੇ ਵਾਰੀ ਏ।
ਦਿਲ ਨਾ ਛੱਡੋ ਤਕੜੇ ਹੋਵੋ,
ਰਾਜ ਕਰਨ ਦੀ ਵਾਰੀ ਏ।

# 7. ਅੱਤਵਾਦੀ.... ?

ਅਸੀਂ ਅੱਕ ਕੇ ਏਸ ਜ਼ਮਾਨੇ ਤੋਂ,
ਤੁਰ ਪਏ ਸੀ ਸੱਚ ਨੂੰ ਭਾਲਣ ਲਈ।
ਅਸੀ ਪੜ੍ਹ ਇਤਿਹਾਸ ਸ਼ਹੀਦਾਂ ਦਾ,
ਜੀਵਨ ਉਹਨਾਂ ਵਾਂਗੂ ਢਾਲਣ ਲਈ।
ਕਦੀ ਡਾਂਗ ਹੱਥਾਂ ਵਿੱਚ ਫੜੀ ਨਹੀਂ,
ਅੱਜ ਬੁਕਲਾਂ ਵਿਚ ਬੰਦੂਕਾਂ ਨੇ।
ਸਾਡਾ ਜਿਸਮ ਛਾਨਣੀ ਕਰ ਦਿੱਤਾ,
ਖਾਕੀ ਵਰਦੀ ਵਾਲੇ ਜਮਦੂਤਾਂ ਨੇ।
ਅਸੀਂ ਦੇਸ਼ ਆਜ਼ਾਦ ਕਰਾਉਣਾ ਸੀ,
ਮਾਂ ਬਾਪ ਵੀ ਕੈਦ ਕਰਾ ਬੈਠੇ।
ਅਸੀਂ ਦਿੱਲੀ ਤਖ਼ਤ ਨੂੰ ਮੱਲਣਾ ਸੀ,
ਘਰ ਆਪਣੇ ਅਸੀਂ ਗੁਆ ਬੈਠੇ।
ਵੀਰੋ ਖ਼ਾਲਿਸਤਾਨ ਬਣਾਉਣਾ ਸੀ,
ਪੰਜਾਬ ਵੱਲੋਂ ਵੀ ਰਹਿ ਗਏ ਹਾਂ।
ਬੋਤਾ ਸਿੰਘ ਬਣਨਾ ਚਹੁੰਦੇ ਸਾਂ,
ਅੱਤਵਾਦੀ ਬਣ ਕੇ ਬਹਿ ਗਏ ਹਾਂ।
ਗਰਜਾ ਸਿੰਘ ਬਣਨਾ ਚਹੁੰਦੇ ਸਾਂ,
ਅੱਤਵਾਦੀ ਬਣ ਕੇ ਬਹਿ ਗਏ ਹਾਂ।

✪✪✪

# 8. ਅੱਤਵਾਦੀ...

ਜੋ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੋਵੇ।
ਸਿਰ 'ਤੇ ਸੋਹਣੀ ਦਸਤਾਰ ਬੰਨ੍ਹਦਾ ਹੋਵੇ।
ਜੋ ਸਦਾ ਸੱਚ ਹੀ ਬੋਲਦਾ ਹੋਵੇ।
ਝੂਠਿਆਂ ਦੇ ਭੇਦ ਵੀ ਖੋਲ੍ਹਦਾ ਹੋਵੇ।
ਜੋ ਜ਼ੁਲਮ ਦਾ ਵਿਰੋਧ ਕਰਦਾ ਹੋਵੇ।
ਮਜ਼ਲੂਮਾਂ ਦੇ ਨਾਲ ਵੀ ਖੜਦਾ ਹੋਵੇ।
ਜੋ ਗ਼ੁਲਾਮੀ ਨਾ ਸਹਿੰਦਾ ਹੋਵੇ।
ਰੱਬ ਦੀ ਰਜ਼ਾ 'ਚ ਰਹਿੰਦਾ ਹੋਵੇ।
ਜਿਸ ਦੇ ਸਾਹਮਣੇ ਪਿਉ ਦੀ ਦਾਹੜੀ ਪੁੱਟੀ ਜਾਵੇ।
ਅੱਖਾਂ ਸਾਹਮਣੇ ਭੈਣ ਦੀ ਪੱਤ ਲੁੱਟੀ ਜਾਵੇ।
ਜਿਸ ਦੀ ਬੁੱਢੀ ਮਾਂ ਵੀ ਬੇ ਪੱਤ ਕੀਤੀ ਜਾਵੇ।
ਜਿਸ ਦੀ ਛਾਤੀ ਮਿਰਚਾਂ ਭਰ ਕੇ ਸੀਤੀ ਜਾਵੇ।
ਜੋ ਪੁਲਿਸ ਤੋਂ ਡਰਦਾ ਘਰੋਂ ਭੱਜ ਜਾਵੇ।
ਜੋ ਰਾਤ ਵੇਲੇ ਖੇਤਾਂ 'ਚੋਂ ਲੱਭ ਜਾਵੇ।
ਜੋ ਅੱਕ ਕੇ ਹਥਿਆਰ ਚੁੱਕ ਲਵੇ।
ਗੁਰਾਂ ਦੀ ਬਖ਼ਸ਼ੀ ਤਲਵਾਰ ਚੁੱਕ ਲਵੇ।
ਜਿਹੜਾ ਇੰਦਰਾ ਜਹੀ ਪਾਪਣ ਨੂੰ ਮਾਰ ਦੇਵੇ।
ਬਿਅੰਤੇ ਜਿਹਾ ਦੁਸ਼ਟ ਗੱਡੀ ਚਾੜ੍ਹ ਦੇਵੇ।
ਸਿਰ ਦੇ ਕੇ ਜੋ ਆਜ਼ਾਦੀ ਲੈਂਦਾ ਹੈ।
ਵੀਰੋ! ਹਿੰਦੁਸਤਾਨ ਉਸ ਨੂੰ ਅੱਤਵਾਦੀ ਕਹਿੰਦਾ ਹੈ।

ooo

# 9. ਸਰਬੰਸ ਦਾਨੀ

ਮਤੀਦਾਸ ਤੇ ਤਾਰੂ ਸਿੰਘ ਪੜ੍ਹੇ ਜਿਥੇ,
ਫ਼ੀਸ ਉਥੋਂ ਦੀ ਬੁਜ਼ਦਿਲ ਨਹੀਂ ਭਰ ਸਕਦਾ।
ਸਰਬੰਸ ਦਾਨੀ ਗੁਰੂ ਦਸਮੇਸ਼ ਜੀ ਦੀ,
ਕੋਈ ਪਖੰਡੀ ਰੀਸ ਨਹੀਂ ਕਰ ਸਕਦਾ।
ਖੰਡੇ ਬਾਟੇ ਦਾ ਅੰਮ੍ਰਿਤ ਪੀ ਕੇ ਤੇ,
ਯੋਧੇ ਹਾਥੀਆਂ ਨਾਲ ਮੱਥਾ ਲਾਂਵਦੇ ਰਹੇ।
ਲੈ ਕੇ ਥਾਪੜਾ ਗੁਰੂ ਦਸਮੇਸ਼ ਜੀ ਦਾ,
10-10 ਲੱਖ ਨੂੰ ਭਾਜੜਾਂ ਪਾਂਵਦੇ ਰਹੇ।
ਪਖੰਡੀ ਸਾਧਾਂ ਤੋਂ ਚੁਲੀਆਂ ਲੈਣ ਵਾਲਾ,
ਆਰਾ ਸੀਸ ਦੇ ਉਤੇ ਨਹੀਂ ਧਰ ਸਕਦਾ।
ਸਰਬੰਸ ਦਾਨੀ ਗੁਰੂ ਦਸਮੇਸ਼ ਜੀ ਦੀ,
ਕੋਈ ਪਖੰਡੀ ਰੀਸ ਨਹੀਂ ਕਰ ਸਕਦਾ।
ਪੁਸ਼ਾਕ ਕਲਗੀ ਲਾਉਣੀ ਤਾਂ ਗੱਲ ਬਹੁਤ ਸੌਖੀ,
ਰੀਸ ਕਰਨੀ ਤਾਂ ਆਪਣੇ ਉਹ ਪੁੱਤ ਵਾਰੇ।
ਮਾਂ ਬਾਪ ਵਾਰੇ, ਘਰ ਬਾਰ ਵਾਰੇ,
ਆਪਣੀ ਜ਼ਿੰਦਗੀ ਦਾ ਹਰ ਸੁੱਖ ਵਾਰੇ।
ਆਵਾਜ਼ਾਂ ਮਾਰਦੀ ਮੌਤ ਨੂੰ ਦੇਖ ਕੇ ਤੇ,
ਹੱਸ ਪੁੱਤਾਂ ਨੂੰ ਅੱਗੇ ਨਾ ਕੋਈ ਕਰ ਸਕਦਾ।
ਸਰਬੰਸ ਦਾਨੀ ਗੁਰੂ ਦਸਮੇਸ਼ ਜੀ ਦੀ,
ਕੋਈ ਪਖੰਡੀ ਰੀਸ ਨਹੀਂ ਕਰ ਸਕਦਾ।
ਗੁਸਤਾਖ਼ੀ ਪਹਿਲਾਂ ਵੀ ਕਈ ਨੇ ਕਰ ਚੁੱਕੇ,
ਹਸ਼ਰ ਉਹਨਾਂ ਦਾ ਸਭ ਨੇ ਦੇਖਿਆ ਏ।
ਖ਼ਾਲਸੇ ਕੋਲੋਂ ਫਿਰ ਮਾਫ਼ੀਆਂ ਮੰਗਦੇ ਨੇ,

ਕਹਿੰਦਾ ਬਖਸ਼ ਦਿਉ ਤੁਹਾਨੂੰ ਮੱਥਾ ਟੇਕਿਆ ਜੇ।
ਜਾਮ ਏ ਇੰਸਾ ਸਾਧ ਤੋਂ ਪੀਣ ਵਾਲਾ,
ਸੀਸ ਤਲੀ ਦੇ ਉਤੇ ਨਹੀਂ ਧਰ ਸਕਦਾ।
ਸਰਬੰਸ ਦਾਨੀ ਗੁਰੂ ਦਸਮੇਸ਼ ਜੀ ਦੀ,
ਕੋਈ ਪਖੰਡੀ ਰੀਸ ਨਹੀਂ ਕਰ ਸਕਦਾ।
ਸਾਡੇ ਅਪਣੇ ਪਹਿਲਾਂ ਨੇ ਭੁੱਲ ਕਰਦੇ,
ਗੁਰੂ ਛੱਡ ਕੇ ਸਾਧਾਂ ਅੱਗੇ ਜਾ ਬਹਿੰਦੇ।
ਬਲਾਤਕਾਰ ਦੇ ਜਿਨ੍ਹਾਂ 'ਤੇ ਕੇਸ ਚੱਲਣ,
ਜਾ ਕੇ ਉਨ੍ਹਾਂ ਨੂੰ ਰੱਬ, ਖ਼ੁਦਾ ਕਹਿੰਦੇ।
ਸਿੱਖ ਅਣਖ ਜੁਰਅਤ ਨਾਲ ਜੀਣ ਵਾਲਾ,
ਤੌਹੀਨ ਗੁਰੂ ਦੀ ਕਦੇ ਨਹੀਂ ਜਰ ਸਕਦਾ।
ਸਰਬੰਸ ਦਾਨੀ ਗੁਰੂ ਦਸਮੇਸ਼ ਜੀ ਦੀ,
ਕੋਈ ਪਖੰਡੀ ਰੀਸ ਨਹੀਂ ਕਰ ਸਕਦਾ।
ਕੱਟੇ ਸਿੱਖਾਂ ਦੇ ਪੁਤਾਂ ਦੇ ਕੇਸ ਤੱਕ ਕੇ,
ਵੈਰੀ ਸੋਚਦੇ ਅਣਖ ਵੀ ਮੁੱਕ ਗਈ ਏ,
ਭੁੱਲੜ ਡੇਰਿਆਂ ਵਿਚ ਜਾ ਝੁੱਕ ਗਈ ਏ।
ਵੈਰੀ ਸੋਚਦੇ ਕੌਮ ਸਾਰੀ ਝੁੱਕ ਗਈ ਏ।
ਵੈਰੋਵਾਲ ਜੋ ਅਣਖ ਨੂੰ ਹੱਥ ਪਾਉਂਦਾ,
ਅਣਿਆਈ ਮੌਤੇ ਉਹ ਜਾਣ ਕੇ ਮਰ ਸਕਦਾ।
ਸਰਬੰਸ ਦਾਨੀ ਗੁਰੂ ਦਸਮੇਸ਼ ਜੀ ਦੀ,
ਕੋਈ ਪਖੰਡੀ ਰੀਸ ਨਹੀਂ ਕਰ ਸਕਦਾ।

✪✪✪

# 10. ਪੰਜਾਬ ਦੀ ਹਾਲਤ

ਘੇਰਾ ਨਸ਼ਿਆਂ ਨੇ ਹੈ ਪਾਇਆ,
ਫਿਰਦਾ ਹਰ ਗੱਭਰੂ ਕੁਮਲਾਇਆ
ਹਰ ਇੱਕ ਸੂਝਵਾਨ ਘਬਰਾਇਆ,
ਕਿਹੜੇ ਰਸਤੇ ਪੈ ਗੇ ਨੇ
ਵਿੱਚ ਪੰਜਾਬ ਦੇ ਯੋਧੇ ਨਈਂ,
ਹੁਣ ਅਮਲੀ ਰਹਿ ਗਏ ਨੇ।
ਬਾਹਰਲੇ ਦੇਸ਼ਾਂ ਵੱਲ ਨੂੰ ਜਾਂਦੇ,
ਪੈਲੀ ਵੇਚ ਵੱਟ ਕੇ ਖਾਂਦੇ।
ਏਜੰਟਾਂ ਕੋਲੋਂ ਠੱਗੇ ਨੇ ਜਾਂਦੇ,
ਨਾ ਕੋਈ ਨੌਕਰੀ ਲੱਭਦੀ ਏ।
ਵਿਚ ਪੰਜਾਬ ਦੇ ਲੋਕੋ,
ਬੇਰੁਜ਼ਗਾਰੀ ਵੱਧ ਗਈ ਏ।
ਹੁਣ ਨਹੀਂ ਕਣਕ ਝੋਨੇ ਨਾਲ ਸਰਦਾ,
ਚੜ੍ਹ ਗਿਆ ਸਿਰ 'ਤੇ ਬਹੁਤਾ ਕਰਜ਼ਾ।
ਕਿਸਾਨ ਵੀ ਆਤਮ ਹੱਤਿਆ ਕਰਦਾ,
ਕੰਮ ਇਹ ਕਿੱਥੇ ਜਾਊਗਾ.
ਅੰਨ ਦਾਤਾ ਵੀ ਇੱਕ ਦਿਨ,
ਰੋਟੀ ਮੰਗ ਕੇ ਖਾਊਗਾ।
ਖ਼ੁਦ ਨੂੰ ਰੱਜਿਆ ਪੁੱਜਿਆ ਕਹਿੰਦੇ,
ਸਹੁਰੇ ਘਰੋਂ ਦਾਜ ਨੇ ਲੈਂਦੇ।
ਨੂੰਹ ਨੂੰ ਧੀ ਕਦੇ ਨਹੀ ਕਹਿੰਦੇ,
ਰੋਅਬ ਹੀ ਮਾਰੀ ਜਾਂਦੇ ਨੇ।
ਦਾਜ ਦੇ ਲੋਭੀ ਹੱਥੀਂ,
ਨੂੰਹਾਂ ਸਾੜੀ ਜਾਂਦੇ ਨੇ।

ਵਧਰਗੇ ਬਾਬੇ ਗੁਰੂ ਤੇ ਡੇਰੇ,
ਪਾ ਲਏ ਸਿੱਖਾਂ ਨੂੰ ਆ ਘੇਰੇ।
ਇਹ ਤਾਂ ਬਾਬੇ ਨਹੀਂ ਸਪੇਰੇ ਨੇ,
ਭਰੀ ਪਟਾਰੀ ਜਾਂਦੇ ਨੇ।
ਵਿਚ ਪੰਜਾਬ ਦੇ ਜ਼ਹਿਰ ਆਪਣਾ,
ਚਾੜ੍ਹੀ ਜਾਂਦੇ ਨੇ।
ਆਪਣੇ ਆਪ ਨੂੰ ਸਿੱਖ ਕਹਾਉਂਦੇ,
ਜੰਮੇ ਪੁੱਤ ਤਾਂ ਜਸ਼ਨ ਮਨਾਉਂਦੇ।
ਧੀ ਜੰਮੀ ਤੋਂ ਸੋਗ ਮਨਾਉਂਦੇ,
ਪਾਪ ਸਿਰ ਚਾੜ੍ਹੀ ਜਾਂਦੇ ਨੇ।
ਸਿੱਖ ਗੁਰੂ ਦੇ ਕੁੱਖ 'ਚ ਧੀਆਂ ਮਾਰੀ ਜਾਂਦੇ ਨੇ।
ਸ਼ਹੀਦ ਤੇ ਗੁਰੂ ਨੇ ਮਨੋ ਭੁਲਾਏ,
ਮੂੰਹ ਸਿਰ ਗੱਭਰੂਆਂ ਰਗੜ ਮੁਨਾਏ।
ਇਹਨਾਂ ਨੂੰ ਦੇਖ ਸ਼ਰਮ ਜਹੀ ਆਵੇ,
ਕੀ ਇਹ ਬਣ ਕੇ ਬਹਿ ਗਏ ਨੇ।
ਬੀਬੀਆਂ ਦੇ ਵੀ ਮੂੰਹ 'ਤੇ
ਨਾ ਭਰਵੱਟੇ ਰਹਿ ਗਏ ਨੇ।
ਹਰ ਇਕ ਨਸ਼ਾ ਪੰਜਾਬ 'ਚ ਆਇਆ,
ਦੂਜਾ ਬਾਬਿਆਂ ਘੇਰਾ ਪਾਇਆ।
ਕਿਸਾਨ ਵੀ ਕਰਜ਼ੇ ਥੱਲੇ ਆਇਆ,
ਹਾਲਤ ਬੁਰੀ ਪੰਜਾਬ ਦੀ ਏ।
ਗੁਰਜੀਤ ਸਿੰਘਾ ਹੁਣ
ਪੱਤੀ ਪੱਤੀ ਹੋਈ ਗੁਲਾਬ ਦੀ ਏ।

ooo

# 11. ਸੰਤਾਂ ਦੇ ਕੌਤਕ...

ਕਿਤੇ ਘਰ ਲੁੱਟ ਲੋਕਾਂ ਦੇ ਨੇ ਖਾ ਰਹੇ।
ਕਈਆਂ ਘਰਾਂ 'ਚ ਕਲੇਸ਼ ਨੇ ਪੁਆ ਰਹੇ।
ਢਾਹ ਕੇ ਕੁਲੀਆਂ ਤੋਂ ਮਹਿਲ ਨੇ ਬਣਾ ਲਏ।
ਅੱਜ ਦਿਆਂ ਬਾਬਿਆਂ ਨੇ,
ਘਰ ਲੁੱਟ ਕੇ ਪੰਜਾਬੀਆਂ ਦੇ ਖਾ ਲਏ।
ਅੱਜ ਦਿਆਂ ਬਾਬਿਆਂ ਨੇ.....
ਕਿਸੇ ਵਿੱਚ ਬਾਬਾ ਦੀਪ ਸਿੰਘ ਆ ਰਿਹੈ।
ਕੋਈ ਪੂਜਾ ਖ਼ੁਦ ਆਪਣੀ ਕਰਾ ਰਿਹੈ।
ਚੋਰ ਠੱਗ ਕਈਆਂ ਚੇਲੇ ਨੇ ਬਣਾ ਲਏ,
ਅੱਜ ਦਿਆਂ ਬਾਬਿਆਂ ਨੇ,
ਘਰ ਲੁੱਟ ਕੇ ਪੰਜਾਬੀਆਂ ਦੇ ਖਾ ਲਏ।
ਅੱਜ ਦਿਆਂ ਬਾਬਿਆਂ ਨੇ....
ਕੋਈ ਭੰਗ ਪੀ ਕੇ ਰੱਬ ਨੂੰ ਮਨਾਉਂਦਾ ਏ।
ਕੋਈ ਕੰਜਰੀਆਂ ਡੇਰੇ 'ਚ ਨਚਾਉਂਦਾ ਏ।
ਨਸ਼ੇ ਦੇ ਕੇ ਪਿਛੇ ਗੱਭਰੂ ਨੇ ਲਾ ਲਏ।
ਅੱਜ ਦਿਆਂ ਬਾਬਿਆਂ ਨੇ,
ਘਰ ਲੁੱਟ ਕੇ ਪੰਜਾਬੀਆਂ ਦੇ ਖਾ ਲਏ।
ਅੱਜ ਦਿਆਂ ਬਾਬਿਆਂ ਨੇ. ..
ਕੋਈ ਕਹਿੰਦਾ ਲੋਕੋ ਮੈਂ ਹੀ ਨਿਰੰਕਾਰ ਹਾਂ।
ਕੋਈ ਕਹਿੰਦਾ ਮੈਂ ਗੋਬਿੰਦ ਅਵਤਾਰ ਹਾਂ।
ਕਈਆਂ ਆਪਣੇ ਗ੍ਰੰਥ ਨੇ ਲਿਖਾ ਲਏ,
ਅੱਜ ਦਿਆਂ ਬਾਬਿਆਂ ਨੇ,
ਘਰ ਲੁੱਟ ਕੇ ਪੰਜਾਬੀਆਂ ਦੇ ਖਾ ਲਏ।
ਅੱਜ ਦਿਆਂ ਬਾਬਿਆਂ ਨੇ....
ਕੋਈ ਹੱਥ ਦੇਖ ਦੁਖ ਸਾਰੇ ਦੱਸਦਾ।
ਕੋਈ ਜਾਨਵਰ ਜੰਗਲੀ ਏ ਰੱਖਦਾ।

ਘਰ ਬਾਰ ਛੱਡ ਪਾਟੇ ਲੀੜੇ ਪਾ ਲਏ,.
ਅੱਜ ਦਿਆਂ ਬਾਬਿਆਂ ਨੇ,
ਘਰ ਲੁੱਟ ਕੇ ਪੰਜਾਬੀਆਂ ਦੇ ਖਾ ਲਏ।
ਅੱਜ ਦਿਆਂ ਬਾਬਿਆਂ ਨੇ....
ਕੋਈ ਸਿੰਘ ਸੱਜ ਕਰੇ ਬਦਮਾਸ਼ੀਆਂ।
ਸੱਚੇ ਗੁਰੂ ਨਾਲ ਕਰਦੇ ਚਲਾਕੀਆਂ।
ਕਰ ਕਬਜ਼ੇ ਤੇ ਡੇਰੇ ਨੇ ਬਣਾ ਲਏ,
ਅੱਜ ਦਿਆਂ ਬਾਬਿਆਂ ਨੇ,
ਘਰ ਲੁੱਟ ਕੇ ਪੰਜਾਬੀਆਂ ਦੇ ਖਾ ਲਏ।
ਅੱਜ ਦਿਆਂ ਬਾਬਿਆਂ ਨੇ....
ਕੋਈ ਉਚੇ ਚੁੱਕ ਚੁਮਟੇ ਵਜਾਉਂਦਾ ਏ।
ਕੋਈ ਕੱਚੀ ਬਾਣੀ ਮੁਖੋਂ ਫ਼ੁਰਮਾਉਂਦਾ ਏ।
ਕਈਆਂ ਆਪਣੇ ਹੀ ਪੰਥ ਨੇ ਚਲਾ ਲਏ।
ਅੱਜ ਦਿਆਂ ਬਾਬਿਆਂ ਨੇ,
ਘਰ ਲੁੱਟ ਕੇ ਪੰਜਾਬੀਆਂ ਦੇ ਖਾ ਲਏ।
ਅੱਜ ਦਿਆਂ ਬਾਬਿਆਂ ਨੇ...
ਬਲਾਤਕਾਰ ਕਈਆਂ ਡੇਰਿਆਂ 'ਚ ਹੋਏ ਨੇ।
ਕਈਆਂ ਲੋਕਾਂ ਮੂਹੋਂ ਦੁਖੜੇ ਵੀ ਰੋਏ ਨੇ।
ਡਰ ਦੇ ਕੇ ਲੋਕ ਚੁੱਪ ਨੇ ਕਰਾ ਲਏ।
ਅੱਜ ਦਿਆਂ ਬਾਬਿਆਂ ਨੇ,
ਘਰ ਲੁੱਟ ਕੇ ਪੰਜਾਬੀਆਂ ਦੇ ਖਾ ਲਏ।
ਅੱਜ ਦਿਆਂ ਬਾਬਿਆਂ ਨੇ...
ਪੁੱਤ ਦੇਣ ਦਾ ਕੋਈ ਵਾਅਦਾ ਕਰੀ ਜਾ ਰਿਹੈ।
ਕੋਈ ਮਰਿਆਂ ਨੂੰ ਰਾਸ਼ਨ ਪਹੁੰਚਾ ਰਿਹੈ।
ਲੋਕ ਸਿੱਧੇ ਸਾਦੇ ਪਿੱਛੇ ਸਾਰੇ ਲਾ ਲਏ,
ਅੱਜ ਦਿਆਂ ਬਾਬਿਆਂ ਨੇ....
ਕੋਈ ਕਹਿੰਦਾ ਨਹੀਂ ਵਿਆਹ ਕਰਵਾਉਣਾ ਮੈਂ।
ਨਾਲੇ ਭੋਰੇ ਵਿਚੋਂ ਬਾਹਰ ਵੀ ਨਹੀਂ ਆਉਣਾ ਮੈਂ।

ਸਵਰਗ ਭੋਰਿਆਂ ਦੇ ਵਿਚ ਨੇ ਬਣਾ ਲਏ,
ਅੱਜ ਦਿਆਂ ਬਾਬਿਆਂ ਨੇ. ..
ਕਈ ਬਾਬੇ ਸਿਰ ਟੋਕਰੀ ਚਕਾਉਂਦੇ ਨੇ।
ਯਾਦਗਾਰਾਂ ਗੁਰੂ ਵੇਲੇ ਦੀਆਂ ਢਾਹੁੰਦੇ ਨੇ।
ਗੁਰੂ ਧਾਮ ਸਾਰੇ ਇੱਕੋ ਜਹੇ ਬਣਾ ਲਏ,
ਅੱਜ ਦਿਆਂ ਬਾਬਿਆਂ ਨੇ..
ਕਈ ਬਾਬੇ ਝੋਨੇ ਕਣਕ ਤੋਂ ਆਉਂਦੇ ਨੇ।
ਮਾੜੇ ਤੋਂ ਵੀ ਬੋਰੀ ਠੋਕ ਕੇ ਭਰਾਉਂਦੇ ਨੇ।
ਚੰਗੇ ਚੋਖੇ ਪੈਸੇ ਵਾਢੀ ਤੋਂ ਬਣਾ ਲਏ,
ਅੱਜ ਦਿਆਂ ਬਾਬਿਆਂ ਨੇ...
ਕਈ ਬਾਬੇ ਨਸ਼ੇ ਖੁੱਲ੍ਹੇ ਆਮ ਵੰਡਦੇ।
ਥਾਣੇ ਵਾਲੇ ਵੀ ਨਹੀਂ ਇਨ੍ਹਾਂ ਅੱਗੇ ਖੰਘਦੇ।
ਯਰਾਨੇ ਲੀਡਰਾਂ ਦੇ ਨਾਲ ਪੱਕੇ ਪਾ ਲਏ,
ਅੱਜ ਦਿਆਂ ਬਾਬਿਆਂ ਨੇ....
ਕਈ ਬਾਬੇ ਸੱਪ ਨਸਲ 'ਚੋਂ ਹੁੰਦੇ ਨੇ।
ਜੱਫੇ ਗੋਲਕਾਂ ਨੂੰ ਮਾਰ-ਮਾਰ ਬਹਿੰਦੇ ਨੇ।
ਤਾਲੇ ਗੋਲਕਾਂ ਨੂੰ ਅਪਣੇ ਹੀ ਲਾ ਲਏ,
ਅੱਜ ਦਿਆਂ ਬਾਬਿਆਂ ਨੇ. .
ਵੈਰੋਵਾਲ ਗੰਦ ਬਾਬਿਆਂ ਦਾ ਪੈ ਗਿਆ।
ਸਿੱਖ ਵਿਰਲਾ ਕੋਈ ਪਿੰਡਾਂ ਵਿਚ ਰਹਿ ਗਿਆ।
ਸੰਗ ਸ਼ਰਮ ਦੇ ਲੀੜੇ ਹੁਣ ਲਾਹ ਲਏ।
ਅੱਜ ਦਿਆਂ ਬਾਬਿਆਂ ਨੇ
ਘਰ ਲੁੱਟ ਕੇ ਪੰਜਾਬੀਆਂ ਦੇ ਖਾ ਲਏ।
ਅੱਜ ਦਿਆਂ ਬਾਬਿਆਂ ਨੇ....

ooo

# 12. ਸਾਲ 1984

ਹਰ ਥਾਂ ਤੋਂ ਧੋਖਾ ਮਿਲਿਆ ਏ,
ਹਰ ਥਾਂ ਤੋਂ ਠੋਕਰ ਵੱਜੀ ਏ।
ਸਾਡਾ ਰੋਮ ਰੋਮ ਹੁਣ ਤੜਫ ਰਿਹਾ,
ਸਰਕਾਰ ਦੁਖ ਦੇਣ ਵਾਲੀ ਨਾ ਰੱਜੀ ਏ।
ਸਾਨੂੰ ਧੋਖਾ ਮਿਲਿਆ ਯਾਰਾ ਤੋਂ,
ਇਨ੍ਹਾਂ ਵਗਦੀਆਂ ਮਸਤ ਬਹਾਰਾਂ ਤੋਂ।
ਕੁੱਝ ਕੀਤੇ ਕੌਲ ਕਰਾਰਾਂ ਤੋਂ,
ਕੁੱਝ ਗ਼ਲਤ ਨੀਤੀ ਸਰਕਾਰਾਂ ਤੋਂ।
ਕੁੱਝ ਗਿਲਾ ਏ ਸਾਨੂੰ ਤਖ਼ਤਾਂ 'ਤੇ,
ਕੁੱਝ ਬੀਤੇ ਓਹਨਾਂ ਵਖਤਾਂ 'ਤੇ,
ਕੁੱਝ ਗਲ ਵਿਚ ਪਾਏ ਟਾਇਰਾਂ 'ਤੇ।
ਸੀਨੇ 'ਤੇ ਬਲਦੀਆਂ ਲਪਟਾਂ ਤੇ
ਅੱਜ ਪੰਛੀ ਗੀਤ ਸੁਣਾਉਂਦੇ ਨਹੀਂ,
ਅਸਮਾਨੀ ਡਾਰੀਆਂ ਲਾਉਂਦੇ ਨਹੀਂ।
ਆਲ੍ਹਣਿਆਂ ਵਿਚ ਕਿਉਂ ਬੈਠੇ ਨੇ,
ਕਿਉਂ ਰਲ ਕੇ ਸ਼ੋਰ ਮਚਾਉਂਦੇ ਨਈਂ।
ਦੁਖੀ ਹਵਾ ਵੀ ਅੱਜ ਕੁਰਲਾ ਰਹੀ ਏ,
ਵਖ਼ਤ ਗੁਜ਼ਰਿਆ ਯਾਦ ਕਰਵਾ ਰਹੀ ਏ।
ਖ਼ਾਮੋਸ਼ੀ ਚਾਰੇ ਪਾਸੇ ਹੀ ਛਾ ਰਹੀ ਏ,
ਅੱਜ ਯਾਦ ਬਹੁਤ ਹੀ ਆ ਰਹੀ ਏ।
ਨਿਰਦਸ਼ ਮਾਰੇ ਉਨ੍ਹਾਂ ਵੀਰਾਂ ਦੀ,
ਚੁੰਨੀ ਤੋਂ ਬਣੀਆਂ ਲੀਰਾਂ ਦੀ।
ਸੜਕਾਂ 'ਤੇ ਰੁਲੇ ਸ਼ਰੀਰਾਂ ਦੀ,
ਉਨ੍ਹਾਂ ਮਾਰੇ ਗਏ ਜ਼ਮੀਰਾਂ ਦੀ।
ਮਾਸੂਮ ਕੁਰਲਾਉਂਦੇ ਬੱਚਿਆਂ ਦੀ,
ਸਰਕਾਰ ਦੇ ਹੱਥੋਂ ਅੱਕਿਆਂ ਦੀ।

ਕੁੱਝ ਝੂਠਿਆਂ ਦੀ ਕੁੱਝ ਸੱਚਿਆਂ ਦੀ,
ਕੁੱਝ ਕਰ ਕਰ ਤਰਲੇ ਥੱਕਿਆਂ ਦੀ।
ਦਿੱਲੀ ਵਿਚ ਫਿਰਦੀਆਂ ਡੈਣਾ ਦੀ,
ਮਾਵਾਂ ਦੇ ਪਾਏ ਵੈਣਾਂ ਦੀ।
ਉਨ੍ਹਾਂ ਤਰਲੇ ਕਰਦੀਆ ਭੈਣਾਂ ਦੀ,
ਸਦਮੇ ਨਾਲ ਹੋਈਆਂ ਸ਼ੁਦੈਣਾਂ ਦੀ।
ਅੰਮ੍ਰਿਤਸਰ ਦਿਆਂ ਬਾਜ਼ਾਰਾਂ ਦੀ,
ਉਨ੍ਹਾਂ ਗੱਭਰੂ ਮਰੇ ਹਜ਼ਾਰਾਂ ਦੀ।
ਸੋਹਣੇ ਦਾਹੜੇ ਵਾਲੇ ਸਰਦਾਰਾਂ ਦੀ,
ਕੁੱਝ ਧੋਖੇ ਬਾਜ ਸਰਕਾਰਾਂ ਦੀ।
ਅੰਮ੍ਰਿਤਸਰ ਚਲਦੀਆਂ ਤੋਪਾਂ ਦੀ,
ਉਹਨਾਂ ਨੀਚ ਤੇ ਘਟੀਆ ਸੋਚਾਂ ਦੀ।
ਹਮਲੇ ਵਿਚ ਮਾਰੇ ਲੋਕਾਂ ਦੀ,
ਦਿੱਲੀ ਵਿਚ ਹੋਏ ਵਿਸਫੋਟਾਂ ਦੀ।
ਸਾਡੇ ਵਗਦੇ ਪੰਜ ਦਰਿਆਵਾਂ ਦੀ,
ਕੁੱਝ ਕੁਚਲੇ ਗਏ ਉਹਨਾਂ ਚਾਵਾਂ ਦੀ।
ਚੜ੍ਹ ਆਈਆਂ ਕਾਲੀਆਂ ਘਟਾਵਾਂ ਦੀ,
ਕੁੱਝ ਵਗਦੀਆਂ ਗਰਮ ਹਵਾਵਾਂ ਦੀ।
ਕੁੱਝ ਯਾਦਾਂ ਬਹੁਤ ਪੁਰਾਣੀਆਂ ਨੇ,
ਕੁੱਝ ਯਾਦਾਂ ਅਜੇ ਨਿਆਣੀਆਂ ਨੇ।
ਕੁੱਝ ਸੱਭ ਤੋਂ ਓਹਲੇ ਰੱਖਣੀਆਂ ਨੇ,
ਕੁੱਝ ਯਾਦਾਂ ਬੋਲ ਸੁਣਾਉਣੀਆਂ ਨੇ।
ਇੱਕ ਯਾਦ ਸੀ ਯਾਰ ਪਰਵਾਸੀ ਦੀ,
ਮੁਖੜੇ 'ਤੇ ਛਾਈ ਉਦਾਸੀ ਦੀ
ਇਕ ਯਾਦ ਲਹੂ ਨਾਲ ਭਿੱਜੀ ਸੀ,
ਉਹ ਯਾਦ ਸੀ ਸਾਲ '84 ਦੀ।

○○○

# 13. ਗਿਲਾ

ਅੱਗ ਬਦਲੇ ਦੀ ਸੀਨੇ ਵਿਚ ਮੱਚ ਰਹੀ ਏ,
ਕਿਸੇ ਸੇਕਣੀ ਤਾਂ ਆ ਕੇ ਸੇਕ ਲਵੇ।
ਖੇਡ ਮੌਤ ਦੀ ਸ਼ਰੇਆਮ ਖੇਡ ਰਹੇ ਨੇ,
ਜਿਨ੍ਹੇ ਵੇਖਣੀ ਆ ਕੇ ਵੇਖ ਲਵੇ।
ਇਤਿਹਾਸ ਪੁਰਾਣਾ ਦੁਹਰਾ ਦਿੱਤਾ,
ਸਾਡੇ ਸਿਰਾਂ ਦੇ ਮੁੱਲ ਫਿਰ ਪੈ ਗਏ ਨੇ।
ਭੋਲੇ ਮਾਂ ਦੇ ਪੁੱਤ ਨੂੰ ਕਤਲ ਕਰ ਕੇ,
ਸਟਾਰ ਮੋਢਿਆਂ 'ਤੇ ਲਾ ਕੇ ਬੈਹ ਗਏ ਨੇ।
ਨਕਸ਼ਾ ਕੱਚੀ ਗੜ੍ਹੀ ਦਾ ਨਜ਼ਰ ਆਇਆ,
ਘੇਰਾ ਅਕਾਲ ਤਖ਼ਤ ਨੂੰ ਪੁਆ ਦਿੱਤਾ।
ਭੁੱਖੇ ਕੁੱਝ ਸਿੰਘ ਅੰਦਰ ਅੜੇ ਬੈਠੇ,
ਪਿਛੇ ਹਿੰਦੁਸਤਾਨ ਸਾਰਾ ਲਾ ਦਿੱਤਾ।
ਦੇਸ਼ ਆਪਣਾ ਕਹਿੰਦਿਆਂ ਸ਼ਰਮ ਆਉਂਦੀ,
ਵਿਵਹਾਰ ਦੁਸ਼ਮਣਾਂ ਵਾਲਾ ਇਹ ਕਰ ਰਿਹਾ ਏ।
ਚੁੱਪ ਕਰ ਕੇ ਜੁਲਮ ਅਸੀ ਸਹੀ ਜਾਂਦੇ,
ਹਰ ਇਕ ਸੀਨੇ ਤੇ ਦਰਦ ਨੂੰ ਜਰ ਰਿਹਾ ਏ।
ਦਿਲਾਂ ਵਿਚ ਜੋ ਪੀੜ ਅਸੀਂ ਸਾਂਭੀ ਬੈਠੇ,
ਕਦੇ ਦੱਸਾਂਗੇ ਦਰਦ ਕਿਹਨੂੰ ਕਿਹਾ ਜਾਂਦਾ।
ਕਿਵੇਂ ਸਰੀਰ ਨੂੰ ਛਾਨਣੀ ਕੀਤਾ ਜਾਂਦਾ,
ਕਿਵੇਂ ਹੱਡਾਂ ਤੇ ਜ਼ੁਲਮ ਨੂੰ ਸਿਹਾ ਜਾਂਦਾ।

ਸਾਡੀ ਆਤਮਾ ਇਹਨਾਂ ਝੰਜੋੜ ਦਿੱਤੀ,
ਵਾਂਗ ਮੁਰਦਿਆਂ ਦਿੱਲੀ ਵਿਚ ਸਾੜ ਦਿੱਤਾ।
ਅੱਜ ਤੱਕ ਨਹੀਂ ਪਤਾ ਉਸ ਦਾ ਲੱਗ ਸਕਿਆ,
ਇਕ ਵਾਰ ਜੋ ਜੇਲ੍ਹ ਵਿਚ ਤਾੜ ਦਿੱਤਾ।
ਬਸ ਇੱਕ "ਸਿੰਘ" ਦੀ ਹੈ ਉਡੀਕ ਸਾਨੂੰ,
ਉਹ "ਸਿੰਘ" ਜੇ ਸਾਨੂੰ ਲੱਭ ਜਾਵੇ।
ਅਕਾਲ ਤਖ਼ਤ ਤੋਂ ਓਸ ਦਾ ਹੁਕਮ ਹੋਵੇ,
ਲਾਲ ਕਿਲੇ 'ਤੇ ਝੰਡਾ ਸਾਡਾ ਲੱਗ ਜਾਵੇ।

ooo

# 14. ਧਰਤੀ

ਆਵਾਜ਼ ਰੋਣ ਦੀ ਬਹੁਤ ਹੀ ਆ ਰਹੀ ਸੀ,
ਖਾਮੋਸ਼ੀ ਚਾਰੇ ਪਾਸੇ ਛਾ ਰਹੀ ਸੀ.
ਇੱਕ ਗੱਲ ਮੈਨੂੰ ਵੱਢ ਵੱਢ ਖਾ ਰਹੀ ਸੀ,
ਕਿ ਆਵਾਜ਼ ਰੋਣ ਦੀ ਕਿਸ ਦੀ ਆ ਰਹੀ ਸੀ ?
ਇਕ ਔਰਤ ਜੋ ਦੂਰ ਖੜੀ ਰੋ ਰਹੀ ਸੀ,
ਪਿੱਟ ਪਿੱਟ ਕੇ ਦੂਹਰੀ ਹੋ ਰਹੀ ਸੀ।
ਸੁਧ ਬੁੱਧ ਉਹ ਆਪਣੀ ਖੋਹ ਰਹੀ ਸੀ,
ਸੁੱਜੀਆਂ ਅੱਖਾਂ ਉਹ ਲੋਕਾਂ ਤੋਂ ਲਕੋ ਰਹੀ ਸੀ
ਵਾਲ ਖਿਲਰੇ ਤੇ ਚੁੰਨੀ ਉਹਦੇ ਕੋਲ ਨਹੀਂ ਸੀ,
ਦੁੱਖ ਦੱਸਣ ਲਈ ਉਸ ਕੋਲ ਬੋਲ ਨਹੀਂ ਸੀ।
ਜ਼ੁਲਮ ਸਹਿਣ ਲਈ ਹੁਣ ਉਹ ਸੁਡੋਲ ਨਹੀਂ ਸੀ,
ਪਹਿਲਾਂ ਸੀ ਪਰ ਹੁਣ ਉਹ ਅਮੋਲ ਨਹੀਂ ਸੀ।
ਲੀੜੇ ਪਾਟੇ ਤੇ ਵਾਲ ਉਹਦੇ ਪੁੱਟੇ ਗਏ ਸੀ,
ਸੁਹਾਗ ਧੀਆਂ ਦੇ ਸਾਹਮਣੇ ਲੁਟੇ ਹੋਏ ਸੀ।
ਉਸਦੇ ਸਾਹਮਣੇ ਪੁੱਤ ਉਹਦੇ ਕੁੱਟੇ ਗਏ ਸੀ,
ਕੁੱਟ ਮਾਰ ਕੇ ਨਹਿਰਾਂ ਵਿਚ ਸੁੱਟੇ ਗਏ ਸੀ।
ਧੀਆਂ ਪੁੱਤਾਂ ਦੇ ਦੁੱਖ ਇਸ ਨੂੰ ਖਾ ਰਹੇ ਨੇ,
ਨਸ਼ੇ ਦਿਨੋਂ ਦਿਨ ਵਧਦੇ ਜਾ ਹਰੇ ਨੇ।
ਭਈਏ ਵੱਧ ਚੜ੍ਹ ਏਧਰ ਨੂੰ ਆ ਰਹੇ ਨੇ,
ਨਿਊ ਬਿਹਾਰ ਇਹ ਆਪਣਾ ਬਣਾ ਰਹੇ ਨੇ।
ਦੁੱਖ ਸਭ ਤੋਂ ਵੱਧ ਇਕ ਖਾ ਰਿਹਾ ਏ ,

ਪੁੱਤਰ ਇਸ ਦਾ ਹੀ ਹਿੰਦੀ ਬੋਲੀ ਜਾ ਰਿਹਾ ਏ।
ਪੰਜਾਬੀ ਬੋਲਣੀ ਪੇਂਡੂ ਪੁਣਾ ਸਮਝਦਾ ਏ,
ਹਿੰਦੀ ਬੋਲ ਕੇ ਅਣਖ ਗੁਆ ਰਿਹਾ ਏ।
ਦੁੱਖ ਇੱਕ ਇੱਕ ਕਰਕੇ ਸੁਣਾ ਰਹੀ ਸੀ,
ਤੁਰੀ ਸਿਵਿਆਂ ਦੇ ਵੱਲ ਨੂੰ ਜਾ ਰਹੀ ਸੀ।
ਪਤਾ ਲੱਗਾ ਤਾਂ ਦਿਲ ਭੁੱਬੀਂ ਰੋ ਉਠਿਆ,
ਓਇ! ਇਹ ਤਾਂ ਧਰਤੀ ਪੰਜਾਬ ਦੀ ਜਾ ਰਹੀ ਸੀ।
ਰੋਣੋਂ ਹਟ ਗਈ ਤੇ ਕੋਮਲ ਜਹੇ ਹੱਥ ਜੋੜੇ,
ਬਚਾ ਲਉ ਪੁੱਤਰੋ ਦਿਨ ਮੇਰੇ ਰਹਿ ਗਏ ਥੋੜੇ।
ਵੇਲਾ ਲੰਘ ਜਾਉ ਜਦ ਭਈਆਂ ਦੀ ਮੈਂ ਨਾਰ ਹੋਵਾਂਗੀ,
ਦਿਨ ਥੋੜੇ ਨੇ ਫਿਰ ਮੈਂ ਵੀ ਬਿਹਾਰ ਹੋਵਾਂਗੀ।

○○○

# 15. ਵਿਰਲਾ ਯੋਧਾ

ਗਿੱਦੜ ਫਿਰਦੇ ਨੇ ਸ਼ੇਰ ਦੀ ਖੱਲ ਪਾ ਕੇ
ਦਿਲ ਛੋਟੇ ਤੇ ਸ਼ੇਰ ਵਾਲੀ ਗਰਜ ਹੈ ਨਈਂ।
ਖੜਦੇ ਉੱਚੀ ਥਾਂ ਤੇ ਡੀਂਗਾਂ ਮਾਰਦੇ ਨੇ,
ਗੀਤ ਮੌਤ ਦੇ ਗਾਉਣ ਦੀ ਤਰਜ ਹੈ ਨਈਂ।
ਸਿੰਘ ਡਰੇ ਨਹੀਂ ਦੋ ਫਾੜ ਹੋ ਗਏ ਸੀ,
ਖ਼ੂਨ ਸਿੰਘਾਂ ਦਾ ਆਰੇ 'ਤੇ ਦੇਖ ਲੈਣਾ।
ਕਈ ਮੌਤ ਨੂੰ ਦੇਖ ਰੋਂਦੇ ਤੜਫਦੇ ਨੇ,
ਪਰ ਨੂਰ ਵੀਰ ਹਵਾਰੇ ਤੇ ਦੇਖ ਲੈਣਾ।
ਜੈਕਾਰੇ ਛੱਡੂਗਾ ਸਿੰਘ ਦਸਮੇਸ਼ ਜੀ ਦਾ,
ਸਰੀਰ ਆਤਮਾ ਦੇ ਨਾਲੋਂ ਜਦੋਂ ਨਿਖੜੇਗਾ।
ਗੱਲਾਂ ਕਰਦੇ ਨੇ ਖਾਲਸੇ ਰਾਜ ਦੀਆਂ,
ਪਰ ਕੋਈ ਵਿਰਲਾ ਮੈਦਾਨ ਵਿਚ ਨਿੱਤਰੇਗਾ।

ooo

# 16. ਅਜੋਕੇ ਸਿਖ

ਜਿਨ੍ਹਾਂ ਵਾਸਤੇ ਕਿਸੇ ਨੇ ਪੁੱਤ ਵਾਰੇ,
ਅੱਜ ਬੋਤਲ ਲਈ ਵਾਰਨ ਜਹਾਨ ਮੀਆਂ।
ਗੱਲ ਜਿਨ੍ਹਾਂ ਦੀ ਪੱਥਰ ਲਕੀਰ ਹੁੰਦੀ,
ਝੂਠੀ ਉਹਨਾਂ ਦੀ ਅੱਜ ਜ਼ੁਬਾਨ ਮੀਆਂ।
ਪਹਿਲੇ ਸਿੱਖ ਸੀ ਸ਼ੇਰ ਨੂੰ ਮਾਤ ਪਾਉਂਦੇ,
ਅੱਜ ਕੁੱਤੇ ਤੋਂ ਡਰਨ ਜੁਆਨ ਮੀਆਂ।
ਅਫ਼ਗਾਨਿਸਤਾਨ ਤੱਕ ਕਦੇ ਸੀ ਰਾਜ ਹੁੰਦਾ,
ਅੱਜ ਘਰੇ ਹੀ ਬੈਠੇ ਗ਼ੁਲਾਮ ਮੀਆਂ।
ਲਾਲ ਕਿਲਾ ਸੀ ਕਦੇ ਸਲਾਮ ਕਰਦਾ,
ਚੋਰ ਠੱਗ ਨੇ ਅੱਜ ਜੁਆਨ ਮੀਆਂ।
ਜਿਹੜੇ ਚਿਹਰੇ 'ਤੇ ਕਦੇ ਸੀ ਨੂਰ ਹੁੰਦਾ,
ਉਸ ਚਿਹਰੇ 'ਤੇ ਝੂਠੀ ਮੁਸਕਾਨ ਮੀਆਂ।
ਬਾਣੀ ਬਿਨਾਂ ਨਾ ਦਿਨ ਬੀਤਦਾ ਸੀ,
ਅੱਜ ਗਾਣਿਆਂ ਵੱਲ ਰੁਝਾਨ ਮੀਆਂ।
ਮੱਲ ਅਖਾੜੇ 'ਚ ਜੋ ਸੀ ਜ਼ੋਰ ਕਰਦੇ
ਕਿਤੇ ਲੱਭਦੇ ਨਹੀਂ ਪਹਿਲਵਾਨ ਮੀਆਂ।
ਪੰਜਾਬ ਵਿਚ ਸੀ ਦੁੱਧ ਤੇ ਘਿਉ ਖੁੱਲਾ,
ਜਾਪੇ ਨਸ਼ੇ ਦੀ ਅੱਜ ਦੁਕਾਨ ਮੀਆਂ।

○○○

# 17. ਭੁਲੇਖੇ

ਧੂੰਏ ਭੁਲੇਖਾ ਪਾ ਰਹੇ,
ਬੱਦਲਾਂ ਦੇ ਆਉਣ ਦਾ।
ਰੱਸੀ ਭੁਲੇਖਾ ਪਾ ਰੱਹੀ,
ਸੱਪਾਂ ਦੇ ਹੋਣ ਦਾ।
ਲੱਸੀ ਨੂੰ ਪਾ ਕੇ ਕਹਿ ਰਹੇ,
ਅੱਜ ਦੁੱਧ ਬਥੇਰਾ ਮਿਲ ਗਿਆ।
ਕਾਗਜ ਦੇ ਫੁੱਲ ਨੂੰ ਦੇਖ ਕੇ,
ਕਹਿੰਦੇ ਗੁਲਾਬ ਖਿਲ ਗਿਆ।
ਜੋ ਵਾਰ ਪਿੱਠ 'ਤੇ ਕਰ ਰਿਹਾ,
ਉਹ ਸਭ ਤੋਂ ਪਿਆਰਾ ਯਾਰ ਹੈ।
ਜੋ ਭਲਾ ਹਰ ਪਲ ਸੋਚਦਾ,
ਓਸੇ ਨੂੰ ਪੈਂਦੀ ਮਾਰ ਹੈ।
ਅੱਜ ਸੱਚ ਜੋ ਹੈ ਬੋਲਦਾ
ਫਾਂਸੀ ਜਾਂ ਉਮਰ ਕੈਦ ਹੈ।
ਜੋ ਆਪ ਰੋਗੀ ਫਿਰ ਰਿਹਾ,
ਉਹੀ ਸਿਆਣਾ ਵੈਦ ਹੈ।
ਇੱਕ ਪੱਥਰਾਂ ਵਿਚ ਵੀ ਜੀਵ ਨੂੰ,
ਭੋਜਨ ਪਹੁੰਚਾਈ ਜਾ ਰਿਹਾ।
ਬੰਦਾ ਪਖੰਡੀ ਗੁਰੂ ਨੂੰ,
ਸਭ ਕੁੱਝ ਲੁਟਾਈ ਜਾ ਰਿਹਾ।

ooo

# 18. ਨਸੀਅਤ

ਪੁੱਤਰ- ਪੁੱਤਰ ਕਹਿੰਦਾ ਮੈਂ ਕੱਟਣੇ ਵਾਲ ਬਾਪੂ,
ਹੁਣ ਮੈਥੋਂ ਨੀ ਭਾਰ ਇਹ ਚੁੱਕ ਹੁੰਦਾ।
ਤੜਕੇ ਉੱਠ ਦਸਤਾਰ ਨਹੀਂ ਬੰਨ੍ਹ ਹੁੰਦੀ,
ਅੱਜ ਕਹਿਣ ਤੇ ਮੈਥੋਂ ਨੀਂ ਰੁੱਕ ਹੋਂਦਾ।
ਹਫ਼ਤੇ ਬਾਅਦ ਨਈਂ ਕੇਸ ਮੈਥੋਂ ਧੋ ਹੋਂਦੇ,
ਟਾਈਮ ਹੁੰਦਾ ਨਈਂ ਕੇਸ ਸੁਕਾਉਣ ਦਾ ਏ।
ਤੁਰੇ ਜਾਂਦਿਆ ਵਾਲ ਨੇ ਸੁੱਕ ਜਾਂਦੇ,
ਸੁਖ ਏਹੋ ਤੇ ਵਾਲ ਕਟਾਉਣ ਦਾ ਏ।
ਪਿਤਾ- ਵੇਖੀਂ ਪੁੱਤਰਾ ਲੋਹੜਾ ਨਾ ਮਾਰ ਦੇਵੀਂ,
ਮੇਰੀ ਪੱਗ ਨੂੰ ਦਾਗ ਕਿਉਂ ਲਾਉਣ ਲੱਗਾ।
ਜਿਨ੍ਹਾਂ ਕੇਸਾਂ ਲਈ ਸੱਭ ਕੁੱਝ ਵਾਰ ਦਿੱਤਾ,
ਇੱਕ ਪਲ ਵਿਚ ਕਾਹਤੋਂ ਭੁਲਾਉਣ ਲੱਗਾ।
ਤਾਰੂ ਸਿੰਘ ਦੇ ਅੱਗੇ ਸੀ ਸ਼ਰਤ ਰੱਖੀ,
ਕੇਸ ਕੱਟ ਦੇ ਤੈਨੂੰ ਅਸੀਂ ਛੱਡ ਦੇਂਦੇ।
ਕਰੀਂ ਐਸ਼ਾਂ ਤੂੰ ਵਿਚ ਮੁਨਾਰਿਆਂ ਦੇ,
ਜਥੇਦਾਰੀਆਂ ਤੈਨੂੰ ਅਸੀਂ ਅੱਜ ਦਿੰਦੇ।
ਤਾਰੂ ਸਿੰਘ ਨੇ ਆਖਿਆ ਜ਼ਕਰੀਏ ਨੂੰ,
ਠੋਕਰ ਮਾਰਦਾ ਹਾਂ ਇਨ੍ਹਾਂ ਜਥੇਦਾਰੀਆਂ ਨੂੰ।
ਖੋਪਰ ਰੰਬੀ ਨਾਲ ਭਾਂਵੇ ਲਹਿ ਜਾਵੇ,
ਕਾਇਮ ਰੱਖਾਂਗਾ ਮੈ ਸਰਦਾਰੀਆਂ ਨੂੰ।
ਹੱਥ ਜੋੜ ਕੇ ਗੁਰੂ ਦਸਮੇਸ਼ ਅੱਗੇ,
ਮਾਤਾ ਪੁਛਿਆ ਕਿਥੇ ਨੇ ਲਾਲ ਮੇਰੇ।
ਜ਼ੋਰਾਵਰ ਤੇ ਫਤਿਹ ਸਿੰਘ ਗਏ ਕਿੱਥੇ ?

ਕਿੱਥੇ ਗਏ ਅਜੀਤ ਜੁਝਾਰ ਮੇਰੇ ?
ਮੁਸਕੁਰਾਏ ਤੇ ਗੁਰੂ ਜੀ ਕਹਿਣ ਲੱਗੇ,
ਝਾਤ ਮਾਰ ਕੇ ਦੇਖ ਦੀਵਾਨ ਵੱਲ ਨੂੰ।
ਸਿੱਖੀ ਸਰੂਪ 'ਚੋਂ ਪੁੱਤ ਤੈਨੂੰ ਨਜ਼ਰ ਆਉਣੇ,
ਭਾਵੇਂ ਤੱਕ ਲਈਂ ਸਾਰੇ ਜਹਾਨ ਵੱਲ ਨੂੰ।
ਤੂੰ ਤਾਂ ਕਹਿ ਦਿਤਾ ਕੇਸ ਮੈਂ ਕਤਲ ਕਰਨੇ,
ਮੈਨੂੰ ਦੱਸ ਮੈਂ ਕਿਥੇ ਹਿਸਾਬ ਦੇਊਂ।
ਜੇ ਗੁਰਾਂ ਪੁੱਛਿਆ ਕਿਥੇ ਅਜੀਤ ਮੇਰਾ ?
ਫਿਰ ਮੈ ਗੁਰਾਂ ਨੂੰ ਕੀ ਜੁਆਬ ਦੇਊਂ।

**ਪੁੱਤਰ- ਅੰਮ੍ਰਿਤ ਛਕ ਕੇ ਪੰਜ ਕਕਾਰ ਪਾ ਕੇ,**
**ਕੇਸਾਂ ਉਤੇ ਮੈ ਬੰਨ੍ਹੂ ਦਸਤਾਰ ਬਾਪੂ।**
**ਜ਼ੋਰਾਵਰ ਤੇ ਫਤਿਹ ਸਿੰਘ ਬਣਾਗਾ ਮੈਂ,**
**ਫਿਰ ਤੱਕ ਲਈਂ ਅਜੀਤ ਜੁਝਾਰ ਬਾਪੂ।**

OOO

# 19. ਗੱਭਰੂ

ਚਾਹ ਪੀ ਕੇ ਗੱਭਰੂ ਅੱਖ ਖੋਲ੍ਹੇ,
ਫ਼ੀਮ ਖਾ ਕੇ ਪੁੱਟਦਾ ਪੈਰ ਮੀਆਂ।
ਦੁੱਧ ਘਿਉ ਨਹੀਂ ਸ਼ੇਰ ਨੂੰ ਹਜ਼ਮ ਹੁੰਦਾ,
ਹਜ਼ਮ ਕਰ ਸਕਦਾ ਏ ਜ਼ਹਿਰ ਮੀਆਂ।
ਸ਼ੇਰ ਢਾਣੀ ਗਿੱਦੜਾਂ ਦੀ ਬਹਿਣ ਲੱਗਾ,
ਘਾਹ ਫੂਸ ਵੀ ਉਹਨਾਂ ਵਾਂਗ ਖਾਏ ਮੀਆਂ।
ਬੋਤਲ ਦਾਰੂ ਦੀ ਪੀ ਜਦੋਂ ਘਰੇ ਆਵੇ,
ਸ਼ੋਰ ਗਧੇ ਵਾਂਗ ਫਿਰ ਪਾਵੇ ਮੀਆਂ।
ਹੁਣ ਇਹ ਭੁੱਬ ਮਾਰਨੀ ਭੁੱਲ ਬੈਠਾ,
ਕੁੱਤੇ ਵਾਂਗ ਹੁਣ ਪੂੰਛ ਹਿਲਾਏ ਮੀਆਂ।
ਛੱਡ ਬੈਠਾ ਏ ਸਿੱਖੀ ਸਰੂਪ ਆਪਣਾ,
ਦਾਹੜੀ ਨਾਈ ਤੋਂ ਆਪ ਹੀ ਖੁਹਾਏ ਮੀਆਂ।
ਭੁੱਲ ਗਿਆ ਏਂ ਤਾਜ ਦਸਤਾਰ ਬਨ੍ਹਣੀ,
ਭਈਆਂ ਵਾਂਗ ਹੁਣ ਟੋਪੀਆਂ ਪਾਏ ਮੀਆਂ।
ਮਣਕੇ ਮਾਲਾ 'ਚ ਲਟਕਦੇ ਬਹੁਤ ਦੇਖੇ,
ਹੀਰਾ ਮਾਲਾ 'ਚ ਕੋਈ ਨ ਪਰੋ ਸਕਦਾ।
ਛੱਡ ਗੁਰੂ ਨੂੰ ਹਵਨ ਕਰਾਏ ਜਿਹੜਾ,
ਉਹ ਸਿੱਖ ਕਦੇ ਨਹੀਂ ਹੋ ਸਕਦਾ।
ਜਾ ਕੇ ਮੰਦਰੀਂ ਟੱਲ ਖੜਕਾਏ ਜਿਹੜਾ,
ਉਹ ਸਿੱਖ ਕਦੇ ਨਹੀਂ ਹੋ ਸਕਦਾ।

○○○

# 20. ਮਾਪੇ

ਮਾਂ ਚਾਵਾਂ ਨਾਲ ਪੁੱਤ ਨੂੰ ਪਾਲਦੀ ਏ,
ਸੁੱਖ ਦੇ ਕੇ ਆਪ ਹੈ ਦੁੱਖ ਸਹਿਦੀ।
ਬੀਮਾਰ ਹੋਵੇ ਜਾਂ ਕਿਨੀ ਵੀ ਦੁਖੀ ਹੋਵੇ,
ਸਾਹਮਣੇ ਪੁੱਤ ਦੇ ਸਦਾ ਉਹ ਖ਼ੁਸ਼ ਰਹਿਦੀ।
ਚੁੱਕ ਲਈਂ ਸਾਨੂੰ, ਨਾ ਪੁੱਤ ਉਦਾਸ ਹੋਵੇ.
ਮਾਪੇ ਰੱਬ ਦੇ ਅੱਗੇ ਅਰਦਾਸ ਕਰਦੇ।
ਉਹ ਤਾਂ ਜਿਉਂਦਿਆਂ ਜੀ ਹੋ ਲਾਸ਼ ਜਾਵਣ,
ਪੁੱਤਰ ਜਿਨ੍ਹਾਂ ਦੇ ਹੋ ਜਵਾਨ ਮਰਦੇ।
ਉਹ ਤਾਂ ਰੋ ਰੋ ਕਮਲੀਆਂ ਹੋ ਜਾਵਨ,
ਵੀਰੇ ਜਿਨ੍ਹਾਂ ਦੇ ਸੋਹਣੇ ਜਵਾਨ ਮਰਦੇ।

○○○

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

# 21. ਕਿਸਾਨ

ਰੋ ਰੋ ਕੇ ਸਾਰੀ ਮੈ ਤਾਂ ਜ਼ਿੰਦਗੀ ਗੁਜਾਰੀ,
ਹੋਰ ਇਹਤੋਂ ਵੱਧ ਦੱਸਾਂ ਤੈਨੂੰ ਕੀ ਵੇ ਰੱਬਾ।
ਘਰੇ ਮੇਰ ਇੱਕ ਟੈਮ ਰੋਟੀ ਵੀ ਨਾ ਪੱਕੇ,
ਲੋਕੀਂ ਕਹਿੰਦੇ ਅੰਨਦਾਤਾ ਜਾਣ ਜਾਣ ਵੇ।
ਆਪਣੇ ਹੀ ਅੱਜ ਮੈਨੂੰ ਕਰਨ ਮਖੌਲਾਂ,
ਫੜੀ ਜਾਂਦੀ ਨਹੀਂ ਇਨ੍ਹਾਂ ਦੀ ਜ਼ੁਬਾਨ ਵੇ।
ਜਿਹੜਾ ਕੰਮ ਫੜਾਂ ਉਹੀ ਵਿੱਚੇ ਰਹਿ ਜਾਂਦਾ,
ਤਾਂ ਹੀ ਧਰੀ ਰਹਿਗੀ ਕੋਠਿਆਂ ਦੀ ਨੀਂਹ ਵੇ ਰੱਬਾ।
ਰੋ ਰੋ ਕੇ ਸਾਰੀ ਮੈ ਤਾਂ ਜ਼ਿੰਦਗੀ ਗੁਜਾਰੀ,
ਹੋਰ ਇਹ ਤੋਂ ਵੱਧ ਦੱਸਾਂ ਤੈਨੂੰ ਕੀ ਵੇ ਰੱਬਾ।
ਛੋਈਂ ਮੀਨ੍ਹੀ ਮੇਰੇ ਘਰੇ ਖੁਸ਼ੀ ਆਉਣੀ ਹੁੰਦੀ,
ਉਹ ਵੀ ਲਾਗੇ ਬੰਨੇ ਵਾਲੇ ਲੋਕੀਂ ਨੱਪ ਲੈਂਦੇ ਨੇ।
ਬਚਣੇ ਜੋ ਹੁੰਦੇ ਮੇਰੀ ਮਿਹਨਤ ਦੇ ਪੈਸੇ,
ਉਹ ਵੀ ਮੰਡੀ ਵਾਲੇ ਆੜ੍ਹਤੀਏ ਕੱਟ ਲੈਂਦੇ ਨੇ।
ਟਿਕਦਾ ਨਾ ਦਿਲ ਮੇਰਾ ਤੂਤਾਂ ਵਾਲੇ ਖੂਹ ਉਤੇ
ਘਰ ਵਿਚ ਲੱਗਦਾ ਨਾ ਜੀਅ ਵੇ ਰੱਬਾ।
ਰੋ ਰੋ ਕੇ ਸਾਰੀ ਮੈ ਤਾਂ ਜ਼ਿੰਦਗੀ ਗੁਜਾਰੀ,
ਹੋਰ ਇਹ ਤੋਂ ਵੱਧ ਦੱਸਾਂ ਤੈਨੂੰ ਕੀ ਵੇ ਰੱਬਾ।
ਤੇਲ ਮਹਿੰਗਾ, ਬੱਤੀ ਘੱਟ, ਪਾਣੀ ਥੱਲੇ ਜਾਵੇ,
ਹੋਰ ਕਿੰਨੀਆਂ ਮੁਸੀਬਤਾਂ ਦਾ ਕਰਾਂ ਸਾਹਮਣਾ।
ਕੀਹਦੇ ਲਈ ਮੈਂ ਕਹੀ ਵਾਹਾਂ, ਹਲ ਫੇਰਾਂ, ਪਾਣੀ ਦੇਵਾਂ,
ਰੇਟ ਹੀ ਨਹੀਂ ਲਾਉਣਾ ਜਦੋਂ ਬੈਠੇ ਬਾਹਮਣਾ।

ਮੁੰਡੇ ਦੀ ਮੈਂ B.A. ਵੇਲੇ ਰੋਕਤੀ ਪੜ੍ਹਾਈ,
ਨਾਲੇ ਘਰ 'ਚ ਜੁਆਨ ਬੈਠੀ ਧੀ ਵੇ ਰੱਬਾ।
ਰੋ ਰੋ ਕੇ ਸਾਰੀ ਮੈਂ ਤਾਂ ਜ਼ਿੰਦਗੀ ਗੁਜਾਰੀ,
ਹੋਰ ਇਹ ਤੋਂ ਵੱਧ ਦੱਸਾਂ ਤੈਨੂੰ ਕੀ ਵੇ ਰੱਬਾ।
ਸਿੱਧਾ ਸਾਦਾ ਜਾਣ ਲੋਕੀਂ ਕਰਦੇ ਨੇ ਧੋਖਾ,
ਰੱਬਾ ਤੂੰ ਕਾਹਤੋਂ ਪਾਉਨਾ ਏਂ ਉਜਾੜ ਵੇ।
ਜਦੋਂ ਲੋੜ ਹੁੰਦੀ ਉਦੋਂ ਪੈ ਜਾਂਦਾ ਸੋਕਾ,
ਪੱਕੀ ਫਸਲ ਤੋਂ ਆ ਜਾਵੇ ਹੜ੍ਹ ਵੇ।
ਕਰ ਅਰਦਾਸਾਂ ਹੁਣ ਥੱਕ ਗਈ ਜ਼ੁਬਾਨ ਮੇਰੀ,
ਲੋੜ ਵੇਲੇ ਪਾਵੇਂ ਨਾਂ ਤੂੰ ਮੀਹ ਵੇ ਰੱਬਾ।
ਰੋ ਰੋ ਕੇ ਸਾਰੀ ਮੈਂ ਤਾਂ ਜ਼ਿੰਦਗੀ ਗੁਜਾਰੀ,
ਹੋਰ ਇਹ ਤੋਂ ਵੱਧ ਦੱਸਾਂ ਤੈਨੂੰ ਕੀ ਵੇ ਰੱਬਾ।
ਗਰਮੀਆਂ ਕੱਟਦਾ ਮੈਂ ਪਾਟੇ ਜਹੇ ਪਜਾਮੇ ਵਿਚ,
ਲੋਈ 'ਚ ਸਿਆਲ ਮੇਰਾ ਲੰਘਦਾ।
ਬੇਬੇ ਮੇਰੀ ਦੇਖਣੋਂ ਤੇ ਤੁਰਨੋਂ ਵੀ ਰਹਿਗੀ,
ਹੁਣ ਦੇਖਿਆ ਨਾ ਜਾਵੇ ਬਾਪੂ ਖੰਗਦਾ।
ਵੈਰੋਵਾਲ। ਏਨੀਆਂ ਮੁਸੀਬਤਾਂ ਨੇ ਘੇਰਾ ਪਾਇਆ,
ਲੈਂਦੇ ਕਿਰਸਾਨ ਜਹਿਰ ਪੀ ਵੇ ਰੱਬਾ।
ਰੋ ਰੋ ਕੇ ਸਾਰੀ ਮੈਂ ਤਾਂ ਜ਼ਿੰਦਗੀ ਗੁਜਾਰੀ,
ਹੋਰ ਇਹ ਤੋਂ ਵੱਧ ਦੱਸਾਂ ਤੈਨੂੰ ਕੀ ਵੇ ਰੱਬਾ।

✪✪✪

# 22. ਅੱਖਾਂ

ਸਾਡਾ ਆਪਣਾ ਜਦੋਂ ਸਾਨੂੰ ਛੱਡ ਜਾਵੇ,
ਹਾਲ ਦਿਲ ਦਾ ਕਰਨ ਬਿਆਨ ਅੱਖਾਂ।
ਬਿਨ ਬੋਲਿਆਂ ਸਭ ਕੁੱਝ ਦੱਸ ਦੇਵਨ,
ਹੁੰਦੀਆਂ ਬੰਦੇ ਦੀ ਦੂਜੀ ਜ਼ਬਾਨ ਅੱਖਾਂ।
ਸੁਭਾ ਬੰਦੇ ਦਾ ਚਿਹਰੇ ਤੋਂ ਝਲਕ ਪੈਂਦਾ,
ਹੁੰਦੀਆਂ ਵੱਖਰੀ ਇੱਕ ਪਹਿਚਾਨ ਅੱਖਾਂ।
ਜਿਹੜੀਆਂ ਟਿੱਕ ਕੇ ਇਕ ਥਾਂ ਰਹਿੰਦੀਆਂ ਨਾ,
ਹੁੰਦੀਆਂ ਚੁਸਤ ਤੇ ਬਹੁਤ ਸ਼ੈਤਾਨ ਅੱਖਾਂ।
ਆਉਂਦੀ ਲਾਲੀ ਤੇ ਵੱਖਰੀ ਚਮਕ ਹੁੰਦੀ
ਹੋ ਜਾਂਦੀਆਂ ਜਦੋਂ ਜਵਾਨ ਅੱਖਾਂ।
ਗਿਆਨ ਚਿਹਰੇ ਤੋਂ ਝਲਕਣਾ ਸ਼ੁਰੂ ਹੁੰਦਾ,
ਬਣ ਜਾਂਦੀਆਂ ਜਦੋਂ ਵਿਦਵਾਨ ਅੱਖਾਂ।
ਧੋਖਾ ਆਪਣੇ ਕਿਸੇ ਤੋਂ ਮਿਲ ਜਾਵੇ,
ਹੋ ਜਾਂਦੀਆਂ ਬਹੁਤ ਹੈਰਾਨ ਅੱਖਾਂ।
ਆਪਣੀ ਜਾਨ ਦੀ ਨਹੀਂ ਪਰਵਾਹ ਹੁੰਦੀ,
ਸੋਚ ਆਪਣਿਆਂ ਬਾਰੇ ਘਬਰਾਨ ਅਖਾਂ।
ਜਿਸ ਕੋਲ ਇਹ ਦੋ ਮੋਤੀ ਨਹੀਂ ਹੁੰਦੇ,
ਜਾਣੋ ਓਸ ਦੇ ਲਈ ਭਗਵਾਨ ਅੱਖਾਂ।
ਦੇਖ ਜਿਨ੍ਹਾਂ ਨੂੰ ਸੱਜਣ ਠੱਗ ਸੁਧਰ ਜਾਵੇ,
ਵੈਰੋਵਾਲ ਉਹ ਬਹੁਤ ਮਹਾਨ ਅੱਖਾਂ।

ooo

# 23. ਗੁਰੂ ਦਸਮੇਸ਼ ਜੀ

ਅਸੀਂ ਪੁੱਤਰ ਹਾਂ ਗੁਰੂ ਦਸਮੇਸ਼ ਜੀ ਦੇ
ਮੁਸੀਬਤਾਂ ਨਾਲ ਨਜਿਠਣਾ ਜਾਣਦੇ ਹਾਂ।
ਵਾਦਾ ਕਰੰਦੇ ਤੋੜ ਨਿਭਾਉਣ ਵਾਲੇ
ਅਸੀਂ ਵੀਰਾਂ ਲਈ ਮਿਠੀ ਜ਼ੁਬਾਨ ਦੇ ਹਾਂ।
ਸਿਰ ਝੁਕੇ ਨਾ ਕਦੇ ਕਿਸੇ ਕਬਰ ਅੱਗੇ
ਦੇਹਧਾਰੀ ਨੂੰ ਸਬਕ ਸਿਖਾ ਦੇਈਏ।
ਪੀਰ ਡਰਦੇ ਨੇ ਸਿਰਾਂ 'ਤੇ ਆਉਣ ਵਾਲੇ
ਅਸੀ ਭੂਤਾਂ ਨੂੰ ਪੜ੍ਹਨੇ ਪਾ ਦੇਈਏ।
ਪੰਡਤ ਜੋਤਸੀ ਹੱਥ ਜੋ ਦੇਖਦੇ ਨੇ
ਸਾਨੂੰ ਦੇਖਕੇ ਮੰਤਰ ਉਹ ਭੁੱਲ ਜਾਂਦੇ।
ਅੱਖਾਂ ਮੀਟ ਕੇ ਕਰਨ ਪਖੰਡ ਜਿਹੜੇ
ਗਿਆਨ ਇੰਦਰੇ ਉਹਨਾਂ ਦੇ ਖੁੱਲ ਜਾਂਦੇ।
ਟੱਲੀਆਂ ਟੱਲ ਖੜਕਾਉਣੇ ਸਾਨੂੰ ਆਂਵਦੇ ਨਾ।
ਸਾਡੇ ਜੰਗਾਂ ਦੇ ਵਿੱਚ ਖੰਡੇ ਖੜਕਦੇ ਨੇ।
ਸਿੱਖ ਕੌਮ ਨੂੰ ਕਹਿੰਦੇ ਜੋ ਖਤਮ ਕਰਨਾ
ਜੈਕਾਰਾ ਸਿੰਘਾਂ ਦਾ ਸੁਣਕੇ ਤਬਕਦੇ ਨੇ।
ਬੋਦੀਆਂ ਟੋਪੀਆਂ ਵਾਲੇ ਕੋਈ ਹੋਰ ਹੋਣੇ
ਸਾਡੇ ਸਿਰਾਂ 'ਤੇ ਸੋਹਣੀ ਦਸਤਾਰ ਹੁੰਦੀ।
ਧਾਗੇ ਤਵੀਤ ਤਾਂ ਬੁਜਦਿਲ ਪਾਵੰਦੇ ਨੇ
ਸਾਡੇ ਗਲ ਤਾਂ ਸਦਾ ਤਲਵਾਰ ਹੁੰਦੀ।

ਅਸੀਂ ਜਾਨ ਦੀ ਬਾਜ਼ੀ ਲਾ ਦੇਈਏ
ਗੁਰਜੀਤ ਅਣਖ ਦਾ ਜਦੋਂ ਸਵਾਲ ਹੁੰਦਾ।
ਦੇਵੀ ਦੇਵਤਿਆਂ ਕੋਲੋਂ ਅਸੀਂ ਕੀ ਲੈਣਾ
ਬਾਜਾਂ ਵਾਲਾ ਜਦੋਂ ਸਾਡੇ ਨਾਲ ਹੁੰਦਾ।

OOO

# 24. ਕਿਆ ਹਮ ਆਜ਼ਾਦ ਹੈਂ ?

ਕਿਆ ਹੂਆ ਅਗਰ ਫੂਲ ਤੋੜ ਦੀਆ ਗਯਾ।
ਤੜਫਨੇ ਕੇ ਲੀਏ ਛੋੜ ਦੀਆ ਗਯਾ।
ਚਾਹੇ ਸੂਖਾ ਹੀ ਹੋ ਰਹਿਤਾ ਤੋ ਗੁਲਾਬ ਹੈ।
ਹਮ ਕੈਸੇ ਕਹਿ ਦੇਂ ਹਮਾਰਾ ਮੁਲਕ ਆਜ਼ਾਦ ਹੈ।
ਯਹਾਂ ਸੱਚ ਬੋਲਨੇ ਵਾਲੇ ਕੋ ਅਤਿਵਾਦੀ ਕਹਿਤੇ ਹੈਂ।
ਘੁੱਟ-ਘੁੱਟ ਕੇ ਜੀਨੇ ਕੋ ਆਜ਼ਾਦੀ ਕਹਿਤੇ ਹੈਂ।
ਟਾਇਰੋਂ ਸੇ ਜ਼ਿੰਦਾ ਜਲਾ ਦੀਏ ਜਾਤੇ ਹੈਂ।
ਬੇ ਗੁਨਾਹ ਲੋਗ ਮਰਵਾ ਦੀਏ ਜਾਤੇ ਹੈ।
ਉਨਕਾ ਕਤਲ ਕਰਨੇ ਕਾ ਅਲਗ ਹੀ ਅੰਦਾਜ਼ ਹੈ।
ਹਮ ਕੈਸੇ ਕਹਿਦੇਂ ਹਮਾਰਾ ਮੁਲਕ ਆਜ਼ਾਦ ਹੈ।
ਯਹਾਂ ਪੱਥਰ ਕੋ ਦੂਧ ਸੇ ਨਹਿਲਾਤੇ ਹੈਂ।
ਕੀਮਤੀ ਕਪੜੇ ਔਰ ਸੋਨਾ ਪਹਿਨਾਤੇ ਹੈਂ।
ਬਹੁਤ ਹੈਂ ਜੋ ਫੁੱਟ ਪਾਥ ਪਰ ਸੋਤੇ ਹੈਂ।
ਬੱਚੇ ਭੂਖ ਪਿਆਸ ਸੇ ਰੋਤੇ ਹੈਂ।
ਬੇਸ਼ੱਕ ਅਧੂਰਾ ਹੀ ਸਹੀ ਗਰੀਬ ਕਾ ਇੱਕ ਖਵਾਬ ਹੈ।
ਹਮ ਕੈਸੇ ਕਹਿਦੇਂ ਹਮਾਰਾ ਮੁਲਕ ਆਜ਼ਾਦ ਹੈ।
ਯਹਾਂ ਏਕ ਪ੍ਰਿੰਸ ਕੋ ਬਚਾ ਲੀਆ ਜਾਤਾ ਹੈ।
ਪੰਜਾਬ ਕਾ ਹਰ ਪ੍ਰਿੰਸ ਮਰਵਾ ਦੀਆਂ ਜਾਤਾ ਹੈ।
ਫ਼ੌਜ ਖ਼ੁਦ ਪਰਿਵਾਰ ਕੋ ਸਨਮਾਨਿਤ ਕਰਤੀ ਹੈ।
ਯਹਾਂ ਬਜ਼ੁਰਗੋਂ ਔਰਤੋਂ ਕੋ ਭੀ ਅਪਮਾਨਿਤ ਕਰਤੀ ਹੈ।
ਬੇਸ਼ੱਕ ਪਿਆਸਾ ਹੀ ਸਹੀ ਮਗਰ ਪੰਜਾਬ ਹੈ।
ਹਮ ਕੈਸੇ ਕਹਿਦੇਂ ਹਮਾਰਾ ਮੁਲਕ ਆਜ਼ਾਦ ਹੈ।
ਯਹਾਂ ਹਰ ਸ਼ਹਰ ਮੇਂ ਏਕ ਭਗਵਾਨ ਮਿਲੇਗਾ।

ਸਚਾਈ ਸੇ ਬਹੁਤ ਅਨ ਜਾਨ ਮਿਲੇਗਾ।
ਯਹਾਂ ਭਗਵਾਨ ਬਲਾਤਕਾਰ ਭੀ ਕਰਤਾ ਹੈਂ।
ਇਸਕਾ ਚਸ਼ਮਦੀਦ ਗਵਾਹ ਖ਼ੁਦ ਸਰਸਾ ਹੈ।
ਕਾਤਲ ਬਲਾਤਕਾਰੀ ਹੀ ਸਹੀ, ਵੋ ਤੋ ਸਾਧ ਹੈ।
ਹਮ ਕੈਸੇ ਕਹਿਦੇਂ ਹਮਾਰਾ ਮੁਲਕ ਆਜ਼ਾਦ ਹੈ।
ਪੰਜਾਬ ਕੇ ਲੋਗ ਦੁਸ਼ਮਨ ਕਿਯੋਂ ਦਿਖਤੇ ਹੈਂ ?
ਸਿੱਖੋਂ ਕੋ ਜਰਾਈਮ ਪੇਸ਼ਾ ਕਿਯੋਂ ਲਿਖਤੇ ਹੈਂ ?
ਪੰਜਾਬ ਕੋ ਤੜਫਾ ਕਰ ਕਿਊਂ ਖ਼ੁਸ਼ ਹੈ ?
ਸਭ ਕੁਛ ਜਾਨ ਕਰ ਭੀ ਕਿਊਂ ਚੁੱਪ ਹੈ ?
ਹਮੇ ਹੱਕ ਨਹੀਂ ਸਵਾਲ ਕਰਨੇ ਕਾ,
ਹਮਾਰੇ ਪਾਸ ਜਵਾਬ ਹੈ।
ਹਮ ਕੈਸੇ ਕਹਿਦੇਂ ਹਮਾਰਾ ਮੁਲਕ ਆਜ਼ਾਦ ਹੈ।
ਯਹਾਂ ਗੁਰਦੁਆਰਾ ਔਰ ਮਸਜਿਦ ਹੀ ਕਿਯੋਂ ਜਲਤੇ ਹੈਂ।
ਗਰਨੇਡ ਇਨਕੇ ਬੀਚ ਹੀ ਕਿਯੂੰ ਚਲਤੇ ਹੈਂ।
ਅੱਤਵਾਦੀ ਸਿੱਖ, ਮੁਸਲਿਮ ਹੀ ਕਹਿਲਾਤੇ ਹੈਂ।
ਫਾਂਸੀ ਪਰ ਭੀ ਇਨਕੋ ਹੀ ਲਟਕਾਤੇ ਹੈਂ।
ਗੁਰਜੀਤ ਚੁੱਪ ਰਹੋ ਸਮਾਂ ਬਹੁਤ ਖਰਾਬ ਹੈ।
ਹਮ ਕੈਸੇ ਕਹਿ ਦੇਂ ਹਮਾਰਾ ਮੁਲਕ ਆਜ਼ਾਦ ਹੈ ?

✪✪✪

# 25. ਇਸ਼ਮੀਤ.....?

ਸੋਹਣੀ ਪੱਗ ਤੇ ਸੋਹਣੀ ਸ਼ਕਲ ਵਾਲਾ,
ਇਸ਼ਮੀਤ ਜੁਦਾ ਜਦ ਹੋ ਗਿਆ ਸੀ।
ਮਾਂ ਬਾਪੂ ਵਿਲਕਦਾ ਵੇਖਿਆ ਜਦ,
ਮੇਰਾ ਦਿਲ ਉਦਾਸ ਜਿਹਾ ਹੋ ਗਿਆ ਸੀ।
ਫਿਰ ਤੱਕਿਆ ਜਦ ਅਖਬਾਰਾਂ ਵਿਚ,
ਦੁੱਧ ਆਸਾਂ ਵਾਲਾ ਫੁੱਟ ਗਿਆ।
ਕਹਿੰਦੇ ਸਿੱਖੀ ਦੇ ਉਚੇ ਅੰਬਰ 'ਚੋਂ,
ਇੱਕ ਅਹਿਮ ਸਿਤਾਰਾ ਟੁੱਟ ਗਿਆ।
ਕਿਸੇ ਕਿਹਾ ਸਿੱਖੀ ਦਾ ਮਾਣ ਸੀ ਉਹ,
ਕਿਸੇ ਕਿਹਾ ਸਿੱਖਾਂ ਦੀ ਜਾਨ਼ ਸੀ ਉਹ।
ਲੋਕਾਂ ਨੂੰ ਰੋਂਦਿਆਂ ਦੇਖਿਆ ਮੈਂ,
ਇੰਜ ਜਾਪੇ ਜਿਵੇਂ ਭਗਵਾਨ ਸੀ ਉਹ।
ਕੋਈ ਤਾਂ ਮੈਨੂੰ ਦੱਸ ਦਿਉ,
ਕੀ ਸਿੱਖੀ ਲਈ ਉਹ ਕਰ ਗਿਆ ਏ ?
ਜੋ ਪਹਿਲਾਂ ਕਿਸੇ ਨੇ ਪੜ੍ਹਿਆ ਨਾ,
ਕੀ ਐਸਾ ਮੰਤਰ ਉਹ ਪੜ੍ਹ ਗਿਆ ਏ ?
ਮੰਨਿਆ ਕਿ ਸਿੱਖੀ ਸਰੂਪ 'ਚ ਸੀ,
ਸਭਦੇ ਹੀ ਮਨ ਨੂੰ ਭਉਂਦਾ ਸੀ।
ਪਰਿਵਾਰ 'ਚ ਬਹਿ ਨ ਸੁਣੇ ਜਾਣ,
ਗਾਣੇ ਤਾਂ ਐਸੇ ਗਉਂਦਾ ਸੀ।
ਸਾਡਾ ਮਾਨ ਤਾਨ ਇਸ਼ਮੀਤ ਨਹੀਂ,
ਬੜੇ ਅੱਖੋਂ ਉਹਲੇ ਰਹਿ ਗਏ ਨੇ।
ਵੱਖਰੀ ਗੱਲ ਸਾਡੇ ਆਗੂ ਵੀ,

ਏਸੇ ਨੂੰ ਯੋਧਾ ਕਹਿ ਗਏ ਨੇ।
ਜੰਗ ਚਲਦੀ ਸਰਸੇ ਵਾਲੇ ਨਾਂ,
ਤਿੰਨ ਗੱਭਰੂ ਹੁਣ ਮਰਵਾਏ ਨੇ।
ਸਾਡੇ ਜਥੇਦਾਰਾਂ ਫਨਕਾਰਾਂ ਨੂੰ,
ਕਦੇ ਉਹ ਨਈਂ ਚੇਤੇ ਆਏ ਨੇ।
ਇੱਕ ਨਿਰਮਲ ਸਿੰਘ ਸੀ ਚੋਹਲੇ ਦਾ,
ਸਿੰਘਾਂ ਦੀਆਂ ਵਾਰਾਂ ਗਾਉਂਦਾ ਸੀ।
ਸਰਕਾਰ ਸਾਡੇ ਨਾਲ ਕੀ ਕਰਦੀ,
ਸੱਭ ਸੱਚੋ ਸੱਚ ਸੁਣਾਉਂਦਾ ਸੀ।
ਉਹ ਮਰਿਆ ਨਈ ਉਹਨੂੰ ਮਾਰਿਆ ਗਿਆ,
ਨਾਲੇ ਜੀਭ ਵੀ ਉਸ ਦੀ ਕੱਟ ਦਿੱਤੀ।
ਯਾਦ ਵਾਈਸ ਆਫ਼ ਖਾਲਸੇ ਦੀ,
ਕਿਸ ਕੋਨੇ ਦੇ ਵਿਚ ਰੱਖ ਦਿੱਤੀ।
ਇੱਕ ਅੱਥਰੂ ਕਿਸੇ ਵਹਾਇਆ ਨਾ,
ਜਦ ਫਾਂਸੀ ਹੋਈ ਹਵਾਰੇ ਨੂੰ।
ਨਾਲੇ ਲੋੜ ਨਹੀਂ ਇਨ੍ਹਾਂ ਬੁਜ਼ਦਿਲਾਂ ਦੀ,
ਬਾਜਾਂ ਵਾਲੇ ਦੇ ਪਿਆਰੇ ਨੂੰ।
ਜੁਝਾਰੂ ਸਿੰਘਾਂ ਦੀ ਸੋਚ ਨਾਲੋਂ,
ਅਸੀਂ ਵੱਖਰੇ ਕਾਹਤੋਂ ਹੋ ਗਏ ਹਾਂ।
ਜਿਸ ਰਾਹ 'ਤੇ ਉਹਨਾਂ ਤੋਰਿਆ ਸੀ,
ਤੁਰੇ ਜਾਂਦੇ ਕਿਉਂ ਖਲੋ ਗਏ ਹਾਂ।
ਚਮਕੀਲਾ ਕਾਹਤੋਂ ਮਾਰਿਆ ਗਿਆ,
ਬੜੀ ਚੰਗੀ ਤਰਾਂ ਅਸੀਂ ਜਾਣਦੇ ਹਾਂ।
ਅੱਜ ਹਰ ਗਾਇਕ ਚਮਕੀਲਾ ਏ,
ਅਸੀਂ ਸਿੱਖ ਅੰਨਦ ਪਏ ਮਾਣਦੇ ਹਾਂ।
ਕਈ ਝੂਠੇ ਪੁਲਿਸ ਮੁਕਾਬਲਿਆਂ ਵਿਚ,

ਰੋਂਦੇ ਕੁਰਲਾਂਦੇ ਮਾਰ ਦਿੱਤੇ।
ਮਾਪੇ ਰਹੇ ਤਰਸਦੇ ਲਾਸ਼ਾਂ ਨੂੰ,
ਪਰ ਲਾਵਾਰਸ ਕਹਿ ਸਾੜ ਦਿੱਤੇ।
ਕਈ ਜੇਲ੍ਹਾਂ ਵਿਚ ਅਜੇ ਬੈਠੇ ਨੇ,
ਜਿਨ੍ਹਾਂ  ਬਾਹਰ ਕਦੇ ਨਈ ਆਉਣਾ ਏ।
ਉਸ ਮਾਂ ਨੂੰ ਹੌਂਸਲਾ ਦੇ ਆਇਓ,
ਕਹਿੰਦੀ ਪੁੱਤ ਨੂੰ ਗਲ ਨਾਲ ਲਾਉਣਾ ਏ।
ਇੱਕ ਅਥਰੂ ਸਾਂਭ ਕੇ ਰੱਖ ਲੈਣਾ,
ਉਹ ਯੋਧਿਆਂ ਲਈ ਵਹਾ ਲੈਣਾ।
ਫਿਰ ਰੋ ਰੋ ਇਹਨਾਂ ਗਾਇਕਾਂ ਲਈ,
ਜਿਨ੍ਹਾਂ ਮਰਜੀ ਚਾਅ ਤੁਸੀਂ ਲਾਹ ਲੈਣਾ।

ooo

# 26. ਮਾਂ...?

ਮਾਂ! ਤੂੰ ਨਾ ਕਦੇ ਵੀ ਪਿਆਰ ਨਾਲ ਮੈਨੂੰ ਕੋਲ ਬਿਠਾਇਆ,
ਜਪੁਜੀ ਸਾਹਿਬ, ਰਹਿਰਾਸ ਦਾ ਨਾ ਪਾਠ ਸੁਣਾਇਆ।
ਮੇਰੇ ਸਿਰ ਤੇ ਜੂੜਾ ਕਿਉਂ ਨਹੀਂ, ਮੈ ਪੁਛਦਾ ਰਹਿਦਾ,
ਬਾਪੂ ਨੂੰ ਜੇ ਪੁਛਦਾਂ ਉਹ ਝਿੜਕਾ ਦਿੰਦਾ।
ਬਾਪੂ ਦਾੜ੍ਹੀ ਕੱਟਦਾ ਨਾਲੇ ਦਾਰੂ ਪੀਂਦਾ,
ਵਾਲ ਕੱਟੇ ਮੇਰੇ ਵੇਖ ਕੇ, ਮੈਨੂੰ ਹੀਰੋ ਕਹਿ ਦਿੰਦਾ।
ਮਾਂ ਤੂੰ ਭਰਵੱਟੇ ਕੱਟਦੀ ਨਾਲੇ ਵਾਲ ਕਟਾਉਂਦੀ,
ਦਾਦੀ ਮਾਂ ਸਿਰੋਂ ਅੱਜ ਤੱਕ ਚੁੰਨੀ ਨਾ ਲਾਹੁੰਦੀ।
ਆ ਜਾਂਦਾ ਜਦ ਵੀਰਵਾਰ ਤੂੰ ਮੜ੍ਹੀ 'ਤੇ ਜਾਂਦੀ,
ਮੈਨੂੰ ਨਾਲ ਲਜਾ ਕੇ ਤੂੰ ਤੇਲ ਪਵਾਉਂਦੀ।
ਕਈ ਪਖੰਡੀ ਸਾਧਾਂ ਦੇ ਤੂੰ ਡੇਰੇ ਜਾਵੇਂ,
ਘਰ ਵਿਚ ਆਏ ਜੋਤਸ਼ੀ ਨੂੰ ਤੂੰ ਹੱਥ ਦਿਖਾਵੇਂ।
ਭਾਈ ਤਾਰੂ ਸਿੰਘ ਕੌਣ ਸੀ ਤੂੰ ਕਦੇ ਨਾ ਦੱਸੇਂ,
ਹਿੰਦੀ ਫ਼ਿਲਮਾਂ ਵੇਖ ਕੇ ਤੂੰ ਖਿੜ-2 ਹੱਸੇਂ।
ਮੰਦਾ ਚੰਗਾ ਬੋਲਨਾ ਤੂੰ ਆਪ ਸਿਖਾਇਆ,
ਮੈਨੂੰ ਮਾੜਾ ਬੋਲਣੋਂ ਤੂੰ ਨਹੀਂ ਹਟਾਇਆ।
ਮਾਂ ਤੂੰ ਨਾ ਝਿੜਕਿਆ ਵੀਰ ਨੂੰ,
ਅੱਜ ਵਿਗੜਦਾ ਜਾਂਦਾ।
ਤੇਰੀ ਗਲਤੀ ਕਾਰਨ ਅੱਜ ਨਸ਼ੇ ਵੀ ਖਾਂਦਾ।
ਹੱਥ ਜੋੜ ਕੇ ਮਾਵਾਂ ਨੂੰ ਇਹ ਬੇਨਤੀ ਮੇਰੀ,
ਬੁਜ਼ਦਿਲ ਹੋਏ ਜਵਾਨਾਂ ਵਿੱਚ ਤੁਸੀ ਭਰੋ ਦਲੇਰੀ।
ਪਤਿਤ ਹੋ ਗਏ ਪੁੱਤਰਾਂ ਨੂੰ ਸਿੱਧੇ ਰਸਤੇ ਪਾ ਲਉ,
ਤੁਹਾਡੇ ਸਿਰ 'ਤੇ ਕੌਮ ਹੈ ਤੁਸੀਂ ਕ਼ੌਮ ਬਚਾ ਲਉ।

○○○

# 27. ਗੁਰੂ ਸੱਚ ਬੋਲਦਾ

ਗੁਰੂ ਕਹਿੰਦਾ ਏ ਹਨੇਰੀ ਆਈ ਗਿਆਨ ਦੀ।
ਸੱਚ ਵਿੱਚੋਂ ਝੂਠ ਪਾਪ ਆਵੇ ਛਾਣ ਦੀ।
ਛੰਨਾ ਭਰਮ ਦੀਆਂ ਨੇ ਉੱਡ ਜਾਣੀਆਂ।
ਖਿਚਾਂ ਰਹਿਣੀਆਂ ਨੀ ਮਾਇਆ ਦੀਆਂ ਤਾਣੀਆਂ।
ਟਿਕੇ ਰਹਿਣੇ ਨੀ ਜੋ ਝੂਠ ਫੈਲਾਉਂਦੇ।
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਾਹੁੰਦੇ।
ਤੁਰੇ ਫਿਰਦੇ ਜੋ ਸੰਤਾਂ ਦੇ ਵੱਗ ਨੇ।
ਗੁਰੂ ਕਹਿੰਦਾ ਏ ਬਨਾਰਸ ਦੇ ਠੱਗ ਨੇ।
ਸਭ ਬਗਲੇ ਨੇ ਮੱਛੀ ਨੂੰ ਉਡੀਕਦੇ।
ਮਾਰ  ਚੌਂਕੜਾ ਏ ਤਾਹੀਂ ਅਖਾਂ ਮੀਟਦੇ।
ਫੜੇ ਜਾਂਦੇ ਜਦੋਂ ਕੁੰਡੀ ਕਿਤੇ ਪਾਉਂਦੇ।
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।
ਗੁਰੂ ਕਹਿੰਦਾ ਕਦੇ ਤੀਰਥਾਂ 'ਤੇ ਜਾਇਉ ਨਾ।
ਵਾਂਗ ਡੱਡੂਆਂ ਦੇ ਪਾਣੀ 'ਚ ਨਹਾਇਉ ਨਾ।
ਪਾਣੀ ਨਾਲ ਧੋਤਾ ਜਾਂਦਾ ਏ ਸ਼ਰੀਰ ਨੂੰ।
ਬਾਣੀ ਜ਼ਿੰਦਾ ਕਰ ਦਿੰਦੀ ਏ ਜ਼ਮੀਰ ਨੂੰ।
ਸਿੱਖ ਕਾਹਤੋਂ ਫਿਰ ਥਾਂ-ਥਾਂ ਨਹਾਉਂਦੇ।
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।
ਨਾ ਹੀ ਮੰਦਰਾਂ ਮਸੀਤਾਂ ਵਿਚ ਜਾਣਾ ਏ।

ਕਿਉਂਕਿ "ਅੰਨ੍ਹਾ ਹਿਦੂ, ਮੁਸਲਿਮ ਕਾਣਾ" ਏ।
ਕਦੇ ਪੱਥਰਾ ਨੂੰ ਸੀਸ ਨਈਂ ਝੁਕਾਉਣਾ ਏ।
ਕਿਸੇ ਮੜ੍ਹੀ ਉਤੇ ਤੇਲ ਵੀ ਨਈਂ ਪਾਉਣਾ ਏ।
ਫਿਰ ਸਿੱਖ ਜਗਰਾਤੇ ਕਿਉਂ ਕਰਾਉਂਦੇ,
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।
ਜੀਹਦਾ ਗੁਰੂ ਲੋਕੋ ਨੰਗਾ ਭੁਖਾ ਹੋਊਗਾ।
ਉਹ ਚੇਲਾ ਦਸੋ ਕਿਥੋਂ ਰੱਜ ਖਾਊਗਾ।
ਜਿਹੜਾ ਬਾਬਾ ਆਪ ਗੰਦੇ ਲੀੜੇ ਪਾਉਂਦਾ ਏ।
ਜਾਨਵਰਾਂ 'ਤੇ ਵੀ ਪਿਆਰ ਜਿਤਾਉਂਦਾ ਏ।
ਐਸੇ ਸਾਧ ਕੋਲੋਂ ਚੇਲੇ ਕੀ ਨੇ ਚਾਹੁੰਦੇ,
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।
ਰੱਖ ਵਰਤ ਜੋ ਰੋਟੀ ਨਹੀ ਖਾਂਦੀਆਂ।
ਨਾ ਸੁਹਾਗਣਾ ਤੇ ਨਾ ਉਹ ਰੰਡੀਆਂ।
ਖਾਣਾ ਪੀਣਾ ਨਾ ਹੀ ਰੱਬ ਨੂੰ ਧਿਆਉਣਾ ਏ।
ਖਤੀ ਵਾਲੀ ਜੂਨੇ ਮੁੜ ਉਹਨਾ ਆਉਣਾ ਏ।
ਕਬੀਰ ਸਾਹਿਬ ਵੀ ਏਹੀ ਸਮਝਾਉਂਦੇ।
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।
ਗੁਰੂ ਗ੍ਰੰਥ ਸਾਹਿਬ ਵਾਲੀ ਬਾਣੀ ਸੱਚੀ ਏ।
ਬਾਕੀ ਪੜ੍ਹੀ ਜਾਂਦੀ ਸਾਰੀ ਬਾਣੀ ਕੱਚੀ ਏ।
ਲੈ ਕੇ ਚਿਮਟੇ ਜੋ ਕਵਿਤਾ ਸੁਣਾਉਂਦੇ ਨੇ।
ਪ੍ਰੁੱਤ ਕਾਨ੍ਹੇ, ਪੀਲੂ, ਛੱਜੂ ਦੇ ਕਹਾਉਂਦੇ ਨੇ।
ਭੋਲੇ ਲੋਕ ਸੰਤ ਇਨ੍ਹਾਂ ਨੂੰ ਬਣਾਉਂਦੇ ਨੇ।

ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।
ਗੁਰੂ ਘਰ ਆ ਕੇ ਸਾਰੇ ਮੱਥਾ ਟੇਕਦੇ।
ਰੁਮਾਲੇ ਚੁੱਕ-ਚੁੱਕ ਗੁਰੂ ਜੀ ਨੂੰ ਦੇਖਦੇ।
ਇੰਜ ਦੇਖਿਆਂ ਨੀ ਲੰਘ ਹੋਣਾ ਪਾਰ ਜੀ।
ਜੇ ਨਹੀਂ ਸ਼ਬਦ ਦੀ ਕਰਦੇ ਵਿਚਾਰ ਜੀ।
ਲੋਕੀਂ ਏਨ੍ਹੀਂ ਗੱਲੀਂ ਬੁਰਾ ਨੇ ਮਨਾਉਂਦੇ।
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।
ਵੈਦ ਵੈਦ ਕਿਹਾਂ ਠੀਕ ਨਹੀਂ ਹੋਣਾ ਏ।
ਖੰਡ ਕਹਿਣ ਨਾਲ ਸਵਾਦ ਨਹੀਂ ਆਉਣਾ ਏ।
ਨਹੀਂ ਗੁਰੂ ਜੀ ਦੀ ਬਾਣੀ ਨੂੰ ਵੀਚਾਰ ਦੇ।
ਢਾਈ ਘੰਟੇ ਇੱਕੋ ਨਾਮ ਨੂੰ ਉਚਾਰਦੇ।
ਏ ਤੋਤਾ ਰਟਨ ਹੈ ਗੁਰੂ ਸਮਝਾਉਂਦੇ।
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।
ਇਸ ਜੀਭ ਨਾਲ ਸੱਚ ਨੂੰ ਸੁਣਾਉਣਾ ਏ।
ਕੰਨਾਂ ਵਿੱਚ ਬਸ ਸੱਚ ਨੂੰ ਹੀ ਪਾਉਣਾ ਏ।
ਕਈ ਲੋਕ ਗੰਦ ਮੰਦ ਰਹਿੰਦੇ ਪੜ੍ਹਦੇ।
ਉਸ ਗੰਦ ਨੂੰ ਵੀ ਗੁਰੂ ਮੱਥੇ ਮੜ੍ਹਦੇ।
ਆਪ ਗੰਦੇ ਦਾਗ਼ ਗੁਰੂ ਨੂੰ ਵੀ ਲਾਉਂਦੇ।
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।
ਸਭ ਕੁੱਝ ਜੂਠਾ ਗੁਰੂ ਫ਼ਰਮਾਂਦੇ ਨੇ।
ਕੁੱਝ ਸਿੱਖ ਦੂਜੇ ਹੱਥ ਦਾ ਨੀ ਖਾਂਦੇ ਨੇ।

ਭਾਈ ਲਾਲੋ ਲੋਕੋ ਅੱਤ ਦਾ ਗਰੀਬ ਸੀ।
ਉਹਦੇ ਘਰ ਦੀ ਵੀ ਹਾਲਤ ਅਜੀਬ ਸੀ।
ਰੋਂਢਾ ਗੁਰੂ ਜੀ ਨੇ ਉਹਦੇ ਘਰੋ ਲਾਉਂਦੇ।
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।
ਵੀਰ ਮਿਸ਼ਨਰੀ ਵਾਲੇ ਜੋ ਕਹਾਉਂਦੇ ਨੇ।
ਬਾਣੀ ਅਰਥਾਂ ਸਮੇਤ ਹੀ ਪੜ੍ਹਾਉਂਦੇ ਨੇ।
ਕਈ ਲੋਕ ਬੁਰਾ ਇਨ੍ਹਾਂ ਦਾ ਮਨਾਉਂਦੇ ਨੇ।
ਓਏ ਸਾਧਾਂ ਵਲੋਂ ਇਹ ਤਾਂ ਗੁਰੂ ਲੜ ਲਾਉਂਦੇ ਨੇ।
ਵੈਰੋਵਾਲ ਨੂੰ ਵੀ ਏਹੀ ਸਮਝਾਉਂਦੇ ਨੇ।
ਗੁਰੂ ਸਾਡਾ ਸੱਚ ਬੋਲਦਾ,
ਸਾਡੇ ਸਿੱਖ ਹੁਣ ਸੁਣਨਾ ਨੀ ਚਹੁੰਦੇ।

✪✪✪

# 28. ਲਾਵਾਰਸ ਲਾਸ਼ ਦੀ ਪੁਕਾਰ

ਇਕ ਅੰਮ੍ਰਿਤ ਵੇਲੇ ਚੀਕ ਸੁਣੀ,
ਪਾਣੀ ਖੇਤਾਂ ਨੂੰ ਮੈਂ ਲਾਇਆ ਸੀ।
ਮੈਨੂੰ ਚੰਨ ਦੀ ਚਿੱਟੀ ਚਾਨਣੀ ਵਿਚ,
ਇਕ ਚਿਹਰਾ ਨਜਰੀਂ ਆਇਆ ਸੀ।
ਇੱਕ ਗੱਭਰੂ ਪੁਲਸੀਆਂ ਫੜਿਆ ਸੀ,
ਜੀਹਨੂੰ ਜਿਪਸੀ ਵਿਚ ਲਿਆਏ ਸੀ।
ਮੇਰੇ ਖੇਤਾਂ ਦੇ ਵਿਚ ਲਾਸ਼ ਪਈ,
ਖੌਰੇ ਕਿਸ ਮਾਂ ਦੇ ਜਾਏ ਦੀ।
ਕੁੱਝ ਬੰਦਿਆਂ ਬਾਰੇ ਪੁਛਦੇ ਸੀ,
ਉਹ ਸੌਹਾਂ ਰੱਬ ਦੀਆਂ ਖਾਂਦਾ ਸੀ।
ਉਹਦੇ ਛੱਠਾ ਜਿਹਾ ਸਿਰ ਪਰਨਾ ਸੀ,
ਕਿਸੇ ਪਿੰਡੋ ਫੜ ਕੇ ਲਿਆਂਦਾ ਸੀ।
ਉਹਨੇ ਸਭ ਦੇ ਪੈਰੀਂ ਪੈ ਪੈ ਕੇ,
ਵੀਰੋ ਵਾਸਤੇ ਬਹੁਤ ਹੀ ਪਾਏ ਸੀ।
ਮੇਰੇ ਖੇਤਾਂ ਦੇ ਵਿਚ ਲਾਸ਼ ਪਈ,
ਖੌਰੇ ਕਿਸ ਮਾਂ ਦੇ ਜਾਏ ਦੀ।
ਮੈ ਮਾਂ ਦਾ ਕੱਲਾ ਪੁੱਤਰ ਹਾਂ,
ਗੱਲ ਵਾਰ-ਵਾਰ ਉਹ ਕਹਿੰਦਾ ਸੀ।
ਉਸ ਨੂੰ ਕੁੱਟਨਾ ਸ਼ੁਰੂ ਉਹ ਕਰ ਦਿੰਦੇ,
ਜਦੋਂ ਥੱਕ ਹਾਰ ਕੇ ਬਹਿੰਦਾ ਸੀ
ਚੰਨ ਵਰਗੇ ਸੋਹਣੇ ਗੱਭਰੂ 'ਤੇ,
ਉਦੋਂ ਕਾਲੇ ਬੱਦਲ ਛਾਏ ਸੀ।
ਮੇਰੇ ਖੇਤਾਂ ਦੇ ਵਿਚ ਲਾਸ਼ ਪਈ,

ਖੌਰੇ ਕਿਸ ਮਾਂ ਦੇ ਜਾਏ ਦੀ।
ਜਦ ਜਾਣ ਲਈ ਉਹਨੂੰ ਕਹਿ ਦਿਤਾ,
ਉਹ ਰੋਂਦਾ ਰੋਂਦਾ ਤੁਰ ਪਿਆ ਸੀ।
ਜਦੋਂ ਰੌਲਾ ਪਾਉਣ ਉਹ ਲੱਗ ਪਏ,
ਉਦੋਂ ਹੌਸਲਾ ਮੇਰਾ ਖੁਰ ਗਿਆ ਸੀ।
ਫਿਰ ਮੂੰਧੇ ਮੂੰਹ ਉਹ ਡਿੱਗ ਪਿਆ,
ਜਦੋਂ ਪਿਸਟਲ ਉਨ੍ਹਾਂ ਚਲਾਏ ਸੀ
ਮੇਰੇ ਖੇਤਾਂ ਦੇ ਵਿਚ ਲਾਸ਼ ਪਈ,
ਖੌਰੇ ਕਿਸ ਮਾਂ ਦੇ ਜਾਏ ਦੀ।
ਉਹਦੇ ਮੂੰਹ ਤੇ ਸੋਹਣਾ ਦਾਹੜਾ ਸੀ,
ਪਰ ਨਾਲ ਲਹੂ ਦੇ ਭਿੱਜਾ ਸੀ।
ਉਹ ਵੱਟ ਦੇ ਬਿਲਕੁਲ ਨਾਲ ਪਿਆ,
ਜਿਵੇਂ ਠੇਡਾ ਖਾ ਕੇ ਡਿੱਗਾ ਸੀ।
ਉਹਦਾ ਜੁਰਮ ਪਤਾ ਨਹੀਂ ਕੀ ਹੋਵੇ,
ਪੰਜ ਕਕਾਰ ਪਰ ਉਸ ਨੇ ਪਾਏ ਸੀ।
ਮੇਰੇ ਖੇਤਾਂ ਦੇ ਵਿਚ ਲਾਸ਼ ਪਈ,
ਖੌਰੇ ਕਿਸ ਮਾਂ ਦੇ ਜਾਏ ਦੀ।
ਅਗਲੇ ਦਿਨ ਖ਼ਬਰਾਂ ਛੱਪ ਗਈਆਂ,
ਕਹਿੰਦੇ ਅਤਿਵਾਦੀ ਅਸੀਂ ਮਾਰ ਦਿੱਤਾ।
ਪਹਿਲਾਂ ਲੰਬਾ ਹੋਇਆ ਮੁਕਾਬਲਾ ਸੀ,
ਫਿਰ ਗੱਡੀ ਉਸ ਨੂੰ ਚਾੜ੍ਹ ਦਿੱਤਾ।
ਬੜੇ ਗੁੱਝੇ ਭੇਦ ਉਹ ਖੋਲ੍ਹਦੇ ਸੀ,
ਫਟ ਜਿਸਮ ਉਤੇ ਜੋ ਲਾਏ ਸੀ।
ਮੇਰੇ ਖੇਤਾਂ ਦੇ ਵਿਚ ਲਾਸ਼ ਪਈ,
ਖੌਰੇ ਕਿਸ ਮਾਂ ਦੇ ਜਾਏ ਦੀ।
ਕੋਈ ਹੌਲਦਾਰ ਕੋਈ ਥਾਨੇਦਾਰ,

ਕਈ ਡੀ.ਐਸ.ਪੀ. ਬਣ ਬਹਿ ਗਿਆ ਸੀ।
ਉਹਨਾਂ ਮਾਪਿਆਂ ਕੋਲੋਂ ਚੋਰ ਕੋਈ,
ਜਿਵੇਂ ਹੀਰਾ ਖੋਹ ਕੇ ਲੈ ਗਿਆ ਸੀ।
ਉਹ ਗੱਭਰੂ ਮਾਰਨ ਵਾਲਿਆਂ ਨੇ,
ਵਿੱਚ ਗਲਾਂ ਦੇ ਮੈਡਲ ਪਾਏ ਸੀ।
ਮੇਰੇ ਖੇਤਾਂ ਦੇ ਵਿਚ ਲਾਸ਼ ਪਈ,
ਖੌਰੇ ਕਿਸ ਮਾਂ ਦੇ ਜਾਏ ਦੀ।
ਹੋਰ ਕਿੰਨੇ ਗੱਬਰੂ ਮਾਰੇ ਗਏ,
ਕਦੇ ਪੁਛਿਉ ਜਾ ਕੇ ਮਾਵਾਂ ਨੂੰ।
ਫਿਰ ਲਾਸ਼ਾਂ ਕਿਥੇ ਗਈਆ ਸੀ,
ਇਹ ਪੁਛਿਉ ਜਾ ਦਰਿਆਵਾਂ ਨੂੰ।
ਉਹ ਚਿਹਰੇ ਅੱਜ ਵੀ ਚੇਤੇ ਨੇ,
ਗੁਰਜੀਤ ਨੇ ਬੜੇ ਭੁਲਾਏ ਸੀ।
ਮੇਰੇ ਖੇਤਾਂ ਦੇ ਵਿਚ ਲਾਸ਼ ਪਈ,
ਖੌਰੇ ਕਿਸ ਮਾਂ ਦੇ ਜਾਏ ਦੀ।

✪✪✪

# 29. "ਪੰਜਾਬ"

ਗ਼ੈਰਾਂ ਦੀ ਪਿਆਸ ਬੁਝਾਉਂਦਾ ਸੀ,
ਖ਼ੁਦ ਨੂੰ ਪੰਜਾਬ ਕਹਾਉਂਦਾ ਸੀ।
ਮਾਲਕ ਪੰਜ ਆਬਾਂ ਦੇ ਪੱਲੇ,
ਛੱਪੜ ਹੀ ਰਹਿ ਜਾਣੇ।
ਲੱਗਦਾ ਇਸ ਦੇ ਪੰਜ ਦਰਿਆ,
ਬਸ ਹੰਝੂਆਂ ਵਿਚ ਵਹਿ ਜਾਣੇ।
ਸ਼ਰੇਆਮ ਸਭ ਦੇਖ ਚੁੱਕੇ ਨੇ,
ਟਾਇਰ ਗਲਾਂ ਵਿਚ ਪਾਏ।
ਕਿਸੇ ਨੂੰ ਫਾਂਸੀ ਜੇਲ੍ਹ ਨਾ ਹੋਈ,
ਕਾਂਤਲਾਂ ਜਸ਼ਨ ਮਨਾਏ।
ਪਹਿਲਾਂ ਤਾਂ ਗੁਰ ਧਾਮ ਢੁਹਾਏ,
ਹੁਣ ਹੌਂਸਲੇ ਵੀ ਢਹਿ ਜਾਣੇ।
ਲੱਗਦਾ ਇਸ ਦੇ ਪੰਜ ਦਰਿਆ,
ਬਸ ਹੰਝੂਆਂ ਵਿਚ ਵਹਿ ਜਾਣੇ।
ਘਰਾਂ ਪਿੰਡਾਂ 'ਚੋਂ ਕੱਢ-2 ਕੇ,
ਕਿਵੇਂ ਮਾਵਾਂ ਦੇ ਪੁੱਤ ਮਾਰੇ।
ਝੂਠੇ ਬਣੇ ਮੁਕਾਬਲੇ
ਤੇ ਫਿਰ ਲਾਵਾਰਸ ਕਹਿ ਸਾੜੇ।
ਭੋਲੇ ਗੱਭਰੂ ਮਾਰ ਕੇ,
ਮਗਰੋਂ ਅਤਿਵਾਦੀ ਕਹੇ ਜਾਣੇ।
ਲੱਗਦਾ ਇਸ ਦੇ ਪੰਜ ਦਰਿਆ,
ਬਸ ਹੰਝੂਆਂ ਵਿਚ ਵਹਿ ਜਾਣੇ।
ਹਰ ਪ੍ਰਕਾਰ ਦਾ ਨਸ਼ਾ ਐਬ,

ਜੋ ਵਿਚ ਪੰਜਾਬ ਦੇ ਆਇਆ।
ਗੱਭਰੂਆਂ ਦੀ ਹੁਣ ਅਣਖ ਨਾ ਜਾਗੇ,
ਨਸ਼ੇ ਨੇ ਜਾਦੂ ਪਾਇਆ।
ਜੋਧੇ ਸੂਰਬੀਰ ਨਹੀਂ,
ਇਸ ਵਿਚ ਅਮਲੀ ਹੀ ਰਹਿ ਜਾਣੇ।
ਲੱਗਦਾ ਇਸ ਦੇ ਪੰਜ ਦਰਿਆ,
ਬਸ ਹੰਝੂਆਂ ਵਿਚ ਵਹਿ ਜਾਣੇ।
ਅੰਨਦਾਤਾ ਅੱਜ ਭੁੱਖਾ ਮਰਦਾ,
ਕਰਜ਼ਾ ਸਿਰ 'ਤੇ ਚੁੱਕਿਆ।
ਭਾਰ ਵੰਡਾਵਣ ਦੇ ਲਈ,
ਇਸ ਦੇ ਲਾਗੇ ਕੋਈ ਨਾ ਢੁੱਕਿਆ।
ਦੇਸ਼ ਰਜਾਉਣ ਵਾਲੇ ਦੇ ਬੱਚੇ,
ਭੁੱਖੇ ਹੀ ਰਹਿ ਜਾਣੇ।
ਲੱਗਦਾ ਇਸ ਦੇ ਪੰਜ ਦਰਿਆ,
ਬਸ ਹੰਝੂਆਂ ਵਿਚ ਵਹਿ ਜਾਣੇ।
ਗ਼ੈਰਾਂ ਦੀ ਪੱਤ ਰੱਖਦਾ ਸੀ,
ਅੱਜ ਖ਼ੁਦ ਹੀ ਬੇ ਪੱਤ ਹੋਇਆ।
"ਜੀਤ" ਦੇਖ ਕੇ ਹਾਲਤ ਇਸ ਦੀ,
ਭੁੱਬਾਂ ਮਾਰ ਕੇ ਰੋਇਆ
ਵੈਰੋਵਾਲੀਏ ਹੱਥਾਂ ਉਤੇ,
ਹੱਥ ਧਰ ਕੇ ਬਹਿ ਜਾਣੇ।
ਲੱਗਦਾ ਇਸ ਦੇ ਪੰਜ ਦਰਿਆ,
ਬਸ ਹੰਝੂਆਂ ਵਿਚ ਵਹਿ ਜਾਣੇ।

○○○

# 30. ਪੈਸਾ

ਪੈਸਾ ਛੱਡਣ ਨੂੰ ਕਿਸ ਦਾ ਜੀ ਕਰਦਾ,
ਵੱਧ ਜਾਨ ਤੋਂ ਪੈਸੇ ਨੂੰ ਪਿਆਰ ਕਰਦਾ।
ਪੈਸੇ ਕਰਕੇ ਹੀ ਸੰਤ ਤੋਂ ਚੋਰ ਬਣਦਾ,
ਪੈਸੇ ਕਰਕੇ ਹੀ ਯਾਰ ਤੋਂ ਯਾਰ ਮਰਦਾ।
ਪੈਸੇ ਕਰਕੇ ਹੀ ਜਿਸਮ ਤੋਂ ਲਹਿਣ ਲੀੜੇ,
ਪੈਸੇ ਕਰਕੇ ਹੀ ਜਿਸਮ ਨੇ ਵਿਕ ਜਾਂਦੇ।
ਪੈਸੇ ਕਰਕੇ ਹੀ ਭੁੱਲ ਖੁਦਾ ਜਾਂਦਾ,
ਪੈਸੇ ਕਰਕੇ ਤਾਂ ਰਿਸ਼ਤੇ ਵੀ ਮਿਟ ਜਾਂਦੇ।
ਪੈਸਾ ਰਾਮ ਅੱਲਾ ਪੈਸਾ ਰੱਬ ਬਣਿਆ,
ਮਾਨਤਾ ਪੈਸੇ ਦੀ ਰੱਬ ਤੋਂ ਵੱਧ ਗਈ ਏ।
ਸੁਪਨੇ ਪੈਸੇ ਦੇ ਲੈਂਦਾ ਜਹਾਨ ਸਾਰਾ,
ਪੈਸਾ ਪੂਜਣ ਹੁਣ ਦੁਨੀਆਂ ਲੱਗ ਪਈ ਏ।
ਪੈਸੇ ਕਰਕੇ ਹੀ ਰੱਬ ਅੱਗੇ ਹੱਥ ਜੋੜੇ,
ਅੰਦਰੋਂ ਪੈਸੇ ਦਾ ਹੀ ਸਤਿਕਾਰ ਕਰਦਾ।
ਪੈਸੇ ਕਰਕੇ ਹੀ ਸੰਤ ਤੋਂ ਚੋਰ ਬਣਦਾ,
ਪੈਸੇ ਕਰਕੇ ਹੀ ਯਾਰ ਤੋਂ ਯਾਰ ਮਰਦਾ।
ਪੈਸਾ ਲੱਭਣ ਲਈ ਬੰਦਾ ਵਿਦੇਸ਼ ਜਾਂਦਾ,
ਬੁੱਢੇ ਮਾਪਿਆਂ ਨੂੰ ਹੇ ਡਰ ਆਉਦਾ
ਮਾਪੇ ਵਿਲਕਦੇ ਵਿਲਕਦੇ ਮਰ ਜਾਦੇ,
ਪੁੱਤਰ ਫੇਰ ਨ ਪਰਤ ਕੇ ਘਰ ਆਉਂਦਾ।
ਮਰਵਾਉਂਦਾ ਪੈਸਾ ਹੈ ਪਿਉ ਨੂੰ ਪੁੱਤ ਕੋਲੋਂ,
ਦੋ ਭਰਾ ਨਾ ਕੱਠੇ ਹੋ ਕੇ ਬਹਿਣ ਦਿੰਦਾ।
ਭੁੱਲ ਕੇ ਵੀ ਜੋ ਪੈਸੇ ਨੂੰ ਪਿਆਰ ਕਰਦਾ,

ਸਾਹ ਸੁੱਖ ਦਾ ਉਹਨੂੰ ਨਾ ਲੈਣ ਦਿੰਦਾ।
ਕੀ ਬਣੂਗਾ ਏਸ ਜਹਾਨ ਉਤੇ,
ਕੋਈ ਕਿਸੇ ਦਾ ਨਹੀਂ ਇਤਬਾਰ ਕਰਦਾ।
ਪੈਸੇ ਕਰਕੇ ਹੀ ਸੰਤ ਤੋਂ ਚੋਰ ਬਣਦਾ,
ਪੈਸੇ ਕਰਕੇ ਹੀ ਯਾਰ ਤੋਂ ਯਾਰ ਮਰਦਾ।
ਸਾਰੇ ਦੁੱਖਾਂ ਕਲੇਸ਼ਾ ਦੀ ਜੜ੍ਹ ਪੈਸਾ,
ਪੈਸੇ ਕਰਕੇ ਹੀ ਦੁਖੀ ਇਨਸਾਨ ਰਹਿੰਦਾ।
ਕੋਈ ਪੈਸੇ ਦੇ ਹੱਥੋਂ ਹੈ ਲੁੱਟ ਜਾਂਦਾ,
ਕੋਈ ਪੈਸੇ ਨੂੰ ਹੀ ਭਗਵਾਨ ਕਹਿੰਦਾ।
ਠੱਗ ਚੋਰ ਤੇ ਡਾਕੂ ਬਣਾਉਣ ਵਾਲਾ,
ਇੱਕ ਪੈਸਾ ਹੀ ਮੈਨੂੰ ਤਾਂ ਨਜ਼ਰ ਆਉਂਦਾ।
ਜਿਸ ਤੋਂ ਨਹੀਂ ਹੁੰਦਾ ਉਹਵੀ ਕਤਲ ਕਰਦਾ,
ਜਿਸ ਕੋਲ ਬਹੁਤਾ ਹੈ ਉਹ ਵੀ ਗਦਰ ਪਾਉਂਦਾ।
"ਵੇਰੋਵਾਲ" ਨ ਵੱਸਦਾ ਰਹਿਣ ਦਿਤਾ,
"ਜੀਤ ਪੈਸੇ ਨੂੰ ਹਰ ਕੋਈ ਪਿਆਰ ਕਰਦਾ।
ਪੈਸੇ ਕਰਕੇ ਹੀ ਸੰਤ ਤੋਂ ਚੋਰ ਬਣਦਾ,
ਪੈਸੇ ਕਰਕੇ ਹੀ ਯਾਰ ਤੋਂ ਯਾਰ ਮਰਦਾ।

✪✪✪

# 31. ਬੱਚੀ ਦੇ ਸਵਾਲ

ਮੈਂ ਹਾਂ ਛੋਟੀ ਬੱਚੀ ਮੇਰੇ ਥੋੜੇ ਜਹੇ ਸਵਾਲ ਨੇ।
ਸਵਾਲ ਛੋਟੇ ਛੋਟੇ ਪਰ ਬੜੇ ਹੀ ਕਮਾਲ ਨੇ।
ਪਹਿਲਾ ਸਵਾਲ ਮੈਂ ਬਜ਼ੁਰਗਾਂ ਨੂੰ ਪਾਵਾਂਗੀ।
ਦੋ ਚਾਰ ਲੈਨ "'ਚ" ਸਵਾਲ ਨੂੰ ਮੁਕਾਵਾਂਗੀ।
ਪੁੱਤ ਪੋਤੀਆਂ ਨੂੰ ਦੱਸੋ ਤੁਸੀ ਕੀ ਸਿਖਾਉਂਦੇ ਹੋ ?
ਉਂਗਲੀ ਨਾ ਲਾ ਕੇ ਕਦੇ ਗੁਰੂ ਘਰ ਲਿਆਉਂਦੇ ਹੋ ?
ਗੁਰੂ ਗ੍ਰੰਥ ਸਾਹਿਬ ਵਿਚ ਦੱਸੋ ਕਿੰਨੇ ਰਾਗ ਨੇ ?
ਦਸਾਂ ਗੁਰੂਆਂ ਦੇ ਨਾਮ ਕਿੰਨਿਆਂ ਨੂੰ ਯਾਦ ਨੇ ?
ਜੇ ਆਉਂਦਾ ਨਹੀਂ ਜੁਆਬ ਕਿਤੇ ਰੁਸ ਕੇ ਨਾ ਬਹਿਣਾ ਜੀ।
ਕਵਿਤਾ ਤੋਂ ਬਾਅਦ ਮੇਰੇ ਕੋਲੋਂ ਪੁੱਛ ਲੈਣਾ ਜੀ।
ਦਾਦ9ਆਂ ਤਾਈਂ ਹੁਣ ਪੁਛਣੇ ਸਵਾਲ ਨੇ।
ਤੁਹਾਡੇ ਪੋਤਿਆਂ ਦੇ ਸਿਰੋਂ ਕੱਟੇ ਕਾਹਤੋਂ ਵਾਲ ਨੇ ?
ਕਬਰਾਂ ਦੇ ਉਤੇ ਤੁਸੀ ਜੋਤਾਂ ਕਿਉਂ ਜਗਾਈਆਂ ਨੇ ?
ਅੰਮ੍ਰਿਤ ਛਕ ਕੇ ਵੀ ਵਾਲੀਆਂ ਕਿਉਂ ਪਾਈਆਂ ਨੇ ?
ਗੱਲਾਂ ਮੇਰੀਆਂ ਦਾ ਤੁਸੀ ਬੁਰਾ ਨਾ ਮਨਾਉਣਾ ਜੀ।
ਮਾਂ ਗੁਜਰੀ ਵਾਂਗੂ ਤੁਸੀ ਪੋਤੇ ਸਮਝਾਉਣਾ ਜੀ।
ਦਾਦੀਆਂ ਤੋਂ ਬਾਅਦ ਹੁਣ ਵਾਰੀ ਆਈ ਮਾਵਾਂ ਦੀ।
ਪੁੱਤਰਾਂ ਦੇ ਸਿਰ ਉਹਨਾਂ ਠੰਢੜੀਆਂ ਛਾਵਾਂ ਦੀ।
ਤੁਸੀ ਦੱਸੋ ਮੂੰਹ ਤੋਂ ਭਰਵੱਟੇ ਕਿਉਂ ਮੁਨਾਏ ਨੇ ?
ਵਿਚੋਂ ਵਿਚੋਂ ਕਈਆਂ ਨੇ ਤਾਂ ਵਾਲ ਵੀ ਕਟਾਏ ਨੇ।
ਛੋਟੇ ਬੱਚੇ ਥੋਡੇ ਕੋਲੋਂ ਸਿੱਖਿਆ ਕੀ ਲੈਣਗੇ ?
ਤੁਹਾਡੇ ਵੱਲ ਦੇਖ ਉਹ ਵੀ ਨਾਈ ਅੱਗੇ ਬਹਿਣਗੇ।
ਅਗਲੇ ਸਵਾਲਾਂ ਦੇ ਲਈ ਦੱਸੋ ਸਾਰੇ ਰੈਡੀ ਨੇ।

ਇਹ ਸਵਾਲ ਉਨ੍ਹਾਂ ਲਈ ਜੋ ਬੱਚਿਆਂ ਦੇ ਡੈਡੀ ਨੇ।
ਸਿਰਾਂ ਉਤੇ ਪੱਗਾਂ ਪਰ ਦਾਹੜੀ ਕਿਉਂ ਮੁਨਾਈ ਜੇ?
ਸਿੱਖ ਤੁਸੀਂ ਹੋ ਨਈਂ ਦੱਸੋ ਤੁਰਕ ਕੇ ਇਸਾਈ ਜੇ?
ਮਾਂ ਤੋਂ ਜ਼ਿਆਦਾ ਬੱਚੇ ਬਾਪ ਤੋਂ ਨੇ ਡਰਦੇ।
ਦੱਸੋ ਤਾਂ ਤੁਹਾਡੇ ਬੱਚੇ ਨਸ਼ੇ ਕਿਉਂ ਨੇ ਕਰਦੇ?
ਅੰਤ ਵਿਚ ਬਸ ਹੁਣ ਵੀਰੋ ਮੇਰੇ ਰਹਿ ਗਏ ਨੇ।
ਚੜ੍ਹਦੀ ਜੁਆਨੀ ਵਿਚ ਥੱਕ ਕੇ ਜੋ ਬਹਿ ਗਏ ਨੇ।
ਤੁਹਾਡੇ ਜਿੱਡੇ ਵੀਰ ਘਰੋਂ ਚੁੱਕ ਚੁੱਕ ਮਾਰੇ ਨੇ।
ਏਨੀਂ ਛੇਤੀ ਦੱਸੋ ਤੁਸੀਂ ਮਨੋ ਕਿਉਂ ਵਿਸਾਰੇ ਨੇ।
ਉਹਨਾਂ ਦੀ ਸ਼ਹੀਦੀ ਦਾ ਥੋੜਾ ਜਿਹਾ ਮੁੱਲ ਪਾ ਲਉ।
ਸਿਰਾਂ ਉਤੇ ਸੋਹਣੀ ਦਸਤਾਰ ਤਾਂ ਸਜਾ ਲਉ।
ਬਾਜਾਂ ਵਾਲੇ ਗੁਰੂ ਸਾਨੂੰ ਆਪਣਾ ਬਣਾਇਆ ਸੀ।
ਪੁੱਤ ਛੱਡ ਉਹਨਾਂ ਸਾਨੂੰ ਗਲ ਨਾਲ ਲਾਇਆ ਸੀ।
ਕੀਤਾ ਇਤਬਾਰ, ਵਿਸ਼ਵਾਸ ਨਾ ਜੇ ਤੋੜਿਉ।
ਪੁੱਤਾਂ ਨੂੰ ਸਜਾ ਕੇ ਸਿੱਖ, ਪੁੱਤ ਉਹਦੇ ਮੋੜਿਉ।

✪✪✪

# 32. ਅੱਜ ਕੱਲ੍ਹ ਮਹਾਨ ਬਣਨ ਦੇ ਨੁਕਤੇ

ਜੇ ਤੂੰ ਚਹੁੰਦਾ ਕਿ ਨਾਂ ਉੱਚਾ ਹੋਵੇ ਤੇਰਾ,
ਨੁਕਤੇ ਕੁੱਝ ਕੁ ਯਾਦ ਤੂੰ ਰੱਖ ਯਾਰਾ।
ਸੱਚੇ ਬੰਦੇ ਨੂੰ ਨੱਪ ਕੇ ਰੱਖਣਾ ਏ,
ਤੇ ਸਦਾ ਝੂਠ ਦਾ ਪੂਰੀਂ ਤੂੰ ਪੱਖ ਯਾਰਾ।
ਰੋਅਬ ਮਾੜੇ ਗ਼ਰੀਬ 'ਤੇ ਮਾਰਨਾ ਏ,
ਤਲਵੇ ਵੱਡੇ ਬੰਦੇ ਦੇ ਚੱਟ ਯਾਰਾ।
ਗੁੱਸਾ ਕਰੀਂ ਨਾ ਤਕੜੇ ਦੇ ਝਿੜਕਨੇ ਦਾ,
ਛਿੱਤਰ ਖਾ ਕੇ ਵੀ ਤੂੰ ਹੱਸ ਯਾਰਾ।
ਬਲਾਉਣਾ ਛੱਡ ਦੇ ਸੱਚਿਆਂ ਤੇ ਮਹਾਤੜਾਂ ਨੂੰ,
ਤੇ ਯਾਰੀ ਠੱਗਾਂ ਬਦਮਾਸ਼ਾਂ ਨਾਲ ਰੱਖ ਯਾਰਾ।
ਔਖੇ ਵੇਲੇ ਜੋ ਸਾਰ ਦੇਵੇ ਕੰਮ ਤੇਰਾ,
ਮਤਲਬ ਕੱਢ ਮਾਰੀਂ ਉਹਦੇ ਲੱਤ ਯਾਰਾ।
ਯਕੀਨ ਬਣਾ ਕੇ ਸਭ ਦਾ ਤੋੜਦਾ ਰਹੀਂ,
ਕਰੀਂ ਆਪ ਵੀ ਸਭ 'ਤੇ ਸ਼ੱਕ ਯਾਰਾ।
ਅੰਦਰੋਂ ਸਭ ਨਾਲ ਈਰਖਾ ਰੱਖਣੀ ਏ,
ਬਾਹਰੋਂ ਹੱਸ ਕੇ ਸੁੱਟਣਾ ਹੱਥ ਯਾਰਾ।
ਹਾਰੇ ਨਾਲ ਵੀ ਬੈਠ ਕੇ ਸੋਗ ਕਰਲੈ,
ਜਿੱਤੇ ਨਾਲ ਵੀ ਜਾ ਕੇ ਨੱਚ ਯਾਰਾ।
ਦਸਾਂ ਨੌਹਾਂ ਦੀ ਕਿਰਤ ਕਰਨੀ ਛੱਡ ਦੇ ਤੂੰ,
ਪੈਸਾ ਲੋਕਾਂ ਦਾ ਖ਼ੂਬ ਹੜੱਪ ਯਾਰਾ।
ਹੋ ਸਕੇ ਤਾਂ ਹੋਰਾਂ ਨੂੰ ਨਾਲ ਜੋੜੀਂ,
ਪਰ ਨਸ਼ੇ ਬਾਝ ਨਾ ਲੰਘੇ ਤੇਰਾ ਝੱਟ ਯਾਰਾ।
ਨੌਕਰ ਚਾਕਰ ਵੀ ਤੇਰੇ ਕੋਲ ਖ਼ੂਬ ਹੋਵਣ,
ਪਰ ਪੂਰਾ ਦੇਵੀਂ ਨ ਕਿਸੇ ਦਾ ਹੱਕ ਯਾਰਾ।

ਸ਼ਲ ਤੇਰੇ ਹਵਨ ਤਿਖੇ ਤੀਰ ਵਰਗੇ,
ਭਗਤ ਮਨਾਂ ਤੇ ਜਾ ਮਾਰਨ ਸੱਟ ਯਾਰਾ।
ਤੀਲ੍ਹੀ ਲਾਵੀਂ ਤੂੰ ਇਕ ਥਾਲੀ ਖਾਂਦਿਆਂ ਨੂੰ,
ਤੇਰੇ ਕਰਕੇ ਹੀ ਰਹਿਣ ਕਪੱਤ ਯਾਰਾ।
ਭੇਦ ਤੇਰੇ ਜੋ ਲੋਕਾਂ ਵਿਚ ਖੋਲਦਾ ਏ,
ਅੰਗੂਠਾ ਉਸੇ ਦੀ ਸੰਘੀ ਵਿਚ ਰੱਖ ਯਾਰਾ।
ਤਾਕਤ ਏਨੀ ਕੁ ਤੇਰੇ ਵਿਚ ਚਾਹੀਦੀ ਏ,
ਜ਼ੁਲਮ ਕਰਦਾ ਤੂੰ ਜਾਵੀਂ ਨਾ ਥੱਕ ਯਾਰਾ।
ਸਭ ਕੁੱਝ ਜਾਣ ਕੇ ਕੋਈ ਨਾ ਉਲਟ ਬੋਲੇ,
ਪਾ ਕੇ ਰੱਖੀਂ ਤੂੰ ਸਭ ਨੂੰ ਨੱਥ ਯਾਰਾ।
ਡਰ ਸ਼ਰਧਾ ਨਾ ਰੱਖੀਂ ਕਦੀ ਰੱਬ ਉੱਤੇ,
ਬਾਹਰੋਂ ਦਿਖਾਵੇ ਲਈ ਰਗੜੀ ਜਾਵੀਂ ਨੱਕ ਯਾਰਾ।
ਮਾਣ ਦੇਣ ਜੋ ਰੱਬ ਸਮਾਨ ਤੈਨੂੰ,
ਉਸੇ ਘਰ 'ਚ ਮਾੜੀ ਰੱਖੀਂ ਅੱਖ ਯਾਰਾ।
ਚਰਚਾ ਹੋਊ ਫਿਰ ਵਿਚ ਜਹਾਨ ਤੇਰੀ,
ਤੈਨੂੰ ਕਹਿਣਗੇ ਯੋਧਾ ਸਿਰਲੱਥ ਯਾਰਾ।
ਨੁਕਤੇ ਏਨੇ ਕੁ ਜੇ ਤੂੰ ਸਮਝ ਲਏਂਗਾ,
ਅਖ਼ਬਾਰਾਂ ਟੀਵੀਆਂ ਉਤੇ ਤੂੰ ਛਾ ਜਾਏਂਗਾ।
ਜੈ ਜੈ ਕਾਰ ਫਿਰ ਕਰੂ ਜਹਾਨ ਸਾਰਾ,
ਗੁਰੂ ਜਾਂ ਨੇਤਾ ਦੀ ਕੁਰਸੀ ਤੇ ਆ ਜਾਏਂਗਾ।
ਨਾਸਤਕ ਉਸ ਬੰਦੇ ਨੂੰ ਕਹਿਣ ਲੋਕੀਂ,
ਵੈਰੋਵਾਲ 'ਚ ਤੈਨੂੰ ਜੋ ਠੱਗ ਦੱਸੂ।
ਭੀੜ ਲੱਗੂ ਫਿਰ ਤੇਰੇ ਦਰਬਾਰ ਅੱਗੇ,
ਅੰਨੇ ਲੋਕਾਂ ਨੂੰ ਰਾਖਸ਼ 'ਚੋਂ ਵੀ ਰੱਬ ਦਿਸੂ।

○○○

# 33. ਮੈਂ ਹਾਂ ਦੁਖੀਆ ਪੰਜਾਬ

ਮੇਰੀ ਪੁੱਛੋ ਨਾ ਕੋਈ ਜੀਵਨੀ,
ਨਾ ਪੁਛੋ ਕੋਈ ਬਾਤ।
ਏਥੇ ਚੜ੍ਹਦੇ ਚਿੱਟੇ ਦਿਨਾਂ ਦੀ,
ਕੁੱਝ ਲੋਕਾਂ ਕਰਤੀ ਰਾਤ।
ਏਥੇ ਵਗੀ ਹਨੇਰੀ ਅੱਗ ਦੀ,
ਹੋਈ ਤੇਜ਼ਾਬ ਭਰੀ ਬਰਸਾਤ।
ਮੇਰੇ ਜ਼ਖ਼ਮ ਅਜੇ ਤੱਕ ਹਰੇ ਨੇ,
ਕੁੱਝ ਐਸੀ ਹੋਈ ਵਾਰਦਾਤ।
ਏਥੇ ਫਾਂਸੀ ਲੱਗੀ ਸੱਚ ਨੂੰ,
ਅਤੇ ਝੂਠ ਨੂੰ ਮਿਲਿਆ ਮਾਣ।
ਏਥੇ ਚੁੱਕ-ਚੁੱਕ ਮਾਰੇ ਘਰਾਂ 'ਚੋਂ,
ਸੋਹਣੇ ਗੱਭਰੂ ਪੁੱਤ ਜਵਾਨ।
ਜਦੋਂ ਮੌਤ ਨੱਚੀ ਸੀ ਸ਼ਰੇਆਮ,
ਰਿਹਾ ਦੇਖਦਾ ਕੁੱਲ ਜਹਾਨ।
ਮੇਰੇ ਹਸਦੇ ਵਸਦੇ ਘਰਾਂ ਨੂੰ,
ਕੀਤਾ ਆਪਣਿਆਂ ਸ਼ਮਸ਼ਾਨ।
ਇਹ ਸਿੱਖਾਂ ਦੇ ਲਈ ਦੇਸ਼ ਨਹੀਂ,
ਨਾ ਹੀ ਸਿੱਖਾਂ ਲਈ ਸਰਕਾਰ।
ਇਥੇ ਹਰ ਪਾਸੇ ਹਰ ਕੰਮ ਤੋਂ,
ਹੁੰਦੀ ਸਿੱਖਾਂ ਨਾਲ ਤਕਰਾਰ।

ਇਥੇ ਕਾਤਲ ਬਣ ਗਏ ਮੰਤਰੀ,
ਅਤਿਵਾਦੀ ਕਹਿਣ ਸਰਦਾਰ।
ਜਿਨ੍ਹਾਂ ਜ਼ੁਲਮ ਹੰਢਾਇਆ ਜਿਸਮ 'ਤੇ,
ਮੈ ਉਹਨਾਂ ਦੇ ਬਲਿਹਾਰ।
ਜਿਨ੍ਹਾਂ ਰਾਖੀ ਕਰਨੀ ਦੇਸ਼ ਦੀ,
ਉਹ ਕਾਤਲ ਬਣੇ ਜਵਾਨ।
ਜਿਨ੍ਹਾਂ ਟੈਂਕਾਂ ਦੁਸ਼ਮਣ ਰੋਕਣੇ,
ਉਹ ਅਕਾਲ ਤਖ਼ਤ ਨੂੰ ਢਾਹੁਣ।
ਇਥੇ ਆਪਣਾ ਕੋਈ ਨ ਦਿਸਦਾ,
ਸਭ ਦਿਸਦੇ ਨੇ ਹੈਵਾਨ।
ਸਿੱਖਾਂ ਦੇ ਕਾਕੇ ਪੁਲਿਸ ਵਿਚ,
ਸਿੱਖੀ ਦੇ ਆਹੂ ਲਾਹੁਣ।
ਇਥੇ ਮਾਂ ਉਡੀਕੇ ਪੁੱਤ ਨੂੰ,
ਅਤੇ ਵੀਰ ਉਡੀਕੇ ਭੈਣ।
ਗੁਰੂਆਂ ਪੀਰਾਂ ਦੀ ਧਰਤੀ 'ਤੇ,
ਅੱਜ ਘਰ-ਘਰ ਪੈਂਦੇ ਵੈਣ।
ਮੋਢੇ ਢੋਂਦੇ ਲਾਸ਼ਾਂ ਥੱਕ ਗਏ,
ਥੱਕ ਗਏ ਨੇ ਰੋ-ਰੋ ਨੈਣ।
ਸੁਖੀ ਵੱਸਦੇ ਭੋਲੇ ਸਿੱਖਾਂ ਲਈ,
ਯਾਰੋ ਦਿੱਲੀ ਬਣ ਗਈ ਡੈਣ।
ਇਥੇ ਵਾੜ ਨੇ ਖਾਧਾ ਖੇਤ ਨੂੰ,
ਅਤੇ ਰਾਜੇ ਅਪਣਾ ਰਾਜ।
ਗੁਰਜੀਤ! ਪੱਤੀ ਪੱਤੀ ਕਰ ਦਿੱਤਾ,
ਸੋਹਣਾ ਖਿੜਿਆ ਪਿਆ ਗੁਲਾਬ।

ਜੋ ਹੋਇਆ ਮੇਰੇ ਨਾਲ ਹੈ,
ਮੈਂ ਕਿਸ ਤੋਂ ਲਵਾਂ ਹਿਸਾਬ।
ਅੰਨਦਾਤਾ ਜਿਸ ਨੂੰ ਆਖਦੇ,
ਮੈਂ ਉਹ ਦੁਖੀਆ ਪੰਜਾਬ।
ਵੈਰੋਵਾਲੀਆ! ਜਿਹਲਮ ਖੋਹ ਲਿਆ,
ਮੈਨੂੰ ਲੱਭਦਾ ਨਹੀਂ ਝਨਾਬ।
ਪੰਜ ਆਬਾ ਜਿਸ ਨੂੰ ਆਖਦੇ,
ਮੈਂ ਹਾਂ ਉਹ ਦੁਖੀਆ ਪੰਜਾਬ।

✪✪✪

# 34. ਸਮਾਂ

ਸਮਾਂ ਜ਼ੁਬਾਨ ਦੇ ਕੌੜੇ ਉਸ ਬੋਲ ਵਾਂਗੂ,
ਬਿਨਾਂ ਸੋਚਿਆਂ ਜੋ ਹੈ ਬੋਲ ਦਿੱਤਾ
ਸਮਾਂ ਸ਼ਰਬਤ ਦੇ ਉਸ ਗਿਲਾਸ ਵਾਂਗੂ,
ਜਿਹੜਾ ਚਿੱਕੜ ਦੇ ਵਿਚ ਹੈ ਡੋਲ੍ਹ ਦਿੱਤਾ।
ਸਮਾਂ ਕਮਾਨ 'ਚੋਂ ਛੱਡੇ ਹੋਏ ਤੀਰ ਵਾਂਗੂ,
ਖ਼ੁਦ ਛੱਡ ਕੇ ਫਿਰ ਨਹੀਂ ਫੜ ਹੁੰਦਾ।
ਸਮਾਂ ਹੱਥੀਂ ਕੀਤੇ ਹੋਏ ਕਤਲ ਵਾਂਗੂ,
ਜਿਹੜਾ ਕਿਸੇ ਦੇ ਸਿਰ ਨਹੀਂ ਮੜ੍ਹ ਹੁੰਦਾ।
ਸਮਾਂ ਨਹਿਰਾਂ ਦਰਿਆਵਾਂ ਦੇ ਵਹਿਣ ਵਾਂਗੂ
ਜਿਹੜਾ ਸਦਾ ਹੀ ਆਪਣੀ ਚਾਲ ਚੱਲਦਾ।
ਕੋਲ ਹੁੰਦਿਆਂ ਕਦੇ ਨਈਂ ਕਦਰ ਪਾਉਂਦਾ,
ਬੰਦਾ ਬੀਤੇ ਸਮੇਂ ਦੀ ਭਾਲ ਕਰਦਾ।
ਸਮਾਂ ਮਾਂ ਦੇ ਪੁੱਤ ਜਵਾਨ ਵਾਂਗੂ,
ਜਿਹੜਾ ਮਾਂ ਦੇ ਹੱਥਾਂ ਵਿਚ ਮੁੱਕ ਜਾਵੇ।
ਸਮਾਂ ਉਸ ਪਿਆਸੇ ਦੇ ਹਾਲ ਵਾਂਗੂ,
ਜੀਹਦੇ ਪੀਣ ਦਾ ਪਾਣੀ ਹੀ ਸੁੱਕ ਜਾਵੇ।
ਸਮਾਂ ਸਮਝੋ ਤਾਂ ਸੱਚੇ ਇੱਕ ਯਾਰ ਵਾਂਗੂ,
ਮੁਸੀਬਤ ਵੇਲੇ ਹੱਥ ਆਏ ਹਥਿਆਰ ਵਾਂਗੂ।
ਸਮਾਂ ਵਿਅਰਥ ਹੀ ਜਿਸ ਤੋਂ ਬੀਤ ਜਾਂਦਾ,
ਉਸ ਲਈ ਸੀਨੇ 'ਤੇ ਹੋਏ ਵਾਰ ਵਾਂਗੂ।
ਬੇਰੁਜ਼ਗਾਰੀ ਸੁਸਾਈਡ ਵੀ ਘੱਟ ਜਾਵਣ,
ਜੇਕਰ ਸਮੇਂ ਦੀ ਬੰਦੇ ਨੂੰ ਰਮਜ਼ ਆਜੇ।
ਦਿਨ ਏਹੋ ਤਾਂ ਹੁੰਦੇ ਕੁੱਝ ਬਣਨ ਦੇ ਨੇ,
ਵੈਰੋਵਾਲੀਆ ਤੈਨੂੰ ਕਿਤੇ ਸਮਝ ਆਜੇ।

ooo

# 35. ਕਾਹਦਾ ਮਾਣ

ਲਾਂਬੂ ਲਾ ਕੇ ਤੈਨੂੰ ਸਾਰੇ ਘਰੋ ਘਰੀ ਮੁੜ ਜਾਣੇ,
ਮੜ੍ਹੀਆਂ ਦੇ ਤੱਕ ਜਿਨ੍ਹਾਂ ਪਿਛੇ ਤੇਰੇ ਆਉਣਾ ਏ।
ਮੂੰਹ ਤੇਰਾ ਦੇਖੇ ਬਿਨਾਂ ਪਾਣੀ ਵੀ ਨਾ ਪੀਂਦੇ ਜਿਹੜੇ,
ਦਿਲਾਂ ਵਿਚ ਨਵਾਂ ਚਿਹਰਾ ਉਹਨਾਂ ਨੇ ਵਸਾਉਣਾ ਏ।
ਗੋਦੀ 'ਚ ਬਿਠਾ ਕੇ ਜਿਹੜੇ ਲੋਰੀਆਂ ਸੁਣਾਉਂਦੇ ਰਹੇ,
ਅੰਤ ਵੇਲੇ ਲਾਂਬੂ ਤੈਨੂੰ ਉਨ੍ਹਾਂ ਨੇ ਹੀ ਲਾਉਣਾ ਏ।
ਤੇਰੇ ਜਾਣ ਪਿਛੋਂ ਜਦੋਂ ਗੱਲ ਤੇਰੀ ਤੁਰਨੀ ਏ,
ਸਾਰਿਆਂ ਨੇ ਹਾਲ ਫਿਰ ਦਿਲ ਦਾ ਸੁਣਾਉਣਾ ਏ।
ਮੂੰਹ ਦਾ ਮਿਠਾ ਅੰਦਰੋਂ ਤਾਂ ਬੜਾ ਸੀ ਕਮੀਨਾ ਬੰਦਾ,
ਆਪਣਿਆਂ ਨੇ ਵੀ ਸਿਰ ਹਾਂ 'ਚ ਹਿਲਾਉਣਾ ਏ।
ਜਿਹੜੇ ਕਹਿੰਦੇ ਤੇਰੇ ਬਿਨਾਂ ਜੀਅ ਵੀ ਨਈ ਹੋਣਾ ਸਾਥੋਂ,
ਫੋਟੋ ਤੇਰੀ ਦੇਖ ਮੂੰਹ ਉਹਨਾਂ ਨੇ ਘੁਮਾਉਣਾ ਏ।
ਰੱਬ ਨਾਲੋਂ ਵੱਧ ਜਿਨਾਂ ਯਾਰਾਂ ਨੂੰ ਤੂੰ ਮੰਨਦਾ ਏਂ,
ਕਈਆਂ ਨੇ ਤਾਂ ਅਰਥੀ ਦੇ ਪਿੱਛੇ ਵੀ ਨਈਂ ਆਉਣਾ ਏ।
ਤੇਰੇ ਘਰ ਵਿਚ ਜਦੋਂ ਖ਼ੁਸ਼ੀ ਵਾਲਾ ਦਿਨ ਆਇਆ,
ਮਾਂ ਤੋਂ ਬਿਨਾਂ ਕਿਸੇ ਨੂੰ ਤੂੰ ਚੇਤੇ ਵੀ ਨਈ ਆਉਣਾ ਏ।

✪✪✪

# 36. ਹਰ ਥਾਂ 'ਤੇ ਤੂੰ ਮੌਜੂਦ ਦਾਤਾ

ਹਰ ਥਾਂ 'ਤੇ ਤੂੰ ਮੌਜੂਦ ਦਾਤਾ,
ਉਹਲੇ ਤੈਥੋਂ ਮੈਂ ਕੰਮ ਨਹੀਂ ਕੋਈ ਕਰ ਸਕਦਾ।
ਤੂੰ ਸਿਰ 'ਤੇ ਰਹੇਂ ਤਾਂ ਭਲਾ ਮੇਰਾ,
ਤੈਥੋਂ ਬਿਨਾਂ ਮੈਂ ਕਿਸੇ ਤੋਂ ਨਹੀਂ ਡਰ ਸਕਦਾ।
ਮੇਰਾ ਮਨ ਹੈ ਬੂਤਰੇ ਸਾਨ੍ਹ ਵਾਂਗੂ,
ਕਰਦਾ ਫਿਰਦਾ ਉਜਾੜਾ ਘਰ ਬਾਰ ਦਾ ਏ।
ਨੱਥ ਪਾ ਕੇ ਤੂੰ ਵੱਸ ਇਹਨੂੰ ਕਰ ਸਕਦਾ,
ਹੋਰ ਸਭ ਨੂੰ ਢੁੱਡਾਂ ਇਹ ਮਾਰਦਾ ਏ।
ਭੁੱਲੀ ਰਿਸ਼ਤੇਦਾਰੀ ਸਾਰੇ ਯਾਰ ਦੋਸਤ,
ਭੁੱਲ ਗਿਆ ਏ ਏਨੂੰ ਦਾਤਾਰ ਦਾਤਾ।
ਤੇਰੀ ਮਹਿਮਾ ਕਹੀ ਨਹੀਂ ਜਾ ਸਕਦੀ,
ਤੇਰੇ ਗੁਣਾਂ ਦਾ ਵੱਡਾ ਭੰਡਾਰ ਦਾਤਾ।
ਪਾਪੀ ਮੂਰਖ ਗਵਾਰ ਨੂੰ ਵੀ ਪੁੱਤ ਜਾਣੇ,
ਮਾਂ ਬਣ ਕੇ ਕਰੇ ਪਿਆਰ ਦਾਤਾ।
ਮੈਂ ਸੁਧਰਾਂਗਾ ਪੂਰੀ ਹੈ ਆਸ ਮੈਨੂੰ,
ਸੱਜਣ ਠੱਗ ਜਹੇ ਦਿੱਤੇ ਸੁਧਾਰ ਦਾਤਾ।

✪✪✪

# 37. ਦਿਨ ਥੋੜ੍ਹੇ ਨੇ, ਫਿਰ ਅਸੀਂ ਤੁਰ ਪੈਣਾ

ਦਿਨ ਥੋੜੇ ਨੇ ਫਿਰ ਅਸੀ ਤੁਰ ਪੈਣਾ,
ਸਫ਼ਰ ਲੰਮਾਂ ਏ ਵਾਪਸ ਨਹੀਂ ਆ ਹੋਣਾ।
ਮੇਰੇ ਆਉਣ ਦੀ ਨਾ ਉਡੀਕ ਕਰਨੀ,
ਮੇਰੇ ਪਿਛੇ ਵੀ ਨਾ ਫਿਰ ਆ ਹੋਣਾ।
ਮੁੜ ਮਹਿਫ਼ਲਾਂ ਵਿਚ ਮੈਂ ਦਿਸਣਾ ਨਈਂ,
ਮੇਰੇ ਜਾਣ ਦਾ ਕਿਸੇ ਨੂੰ ਤਾਂ ਚਾਅ ਹੋਣਾ।
ਮਾਂ ਬਾਪ ਨੇ ਜਿਨ੍ਹਾਂ ਨੂੰ ਪਾਲਿਆ ਏ,
ਉਨ੍ਹਾਂ ਹੱਡਾਂ ਨੇ ਫਿਰ ਸਵਾਹ ਹੋਣਾ।
ਸੀਨੇ ਮੇਰੇ ਲੱਗ ਕਈਆਂ ਨੇ ਰੋ ਲੈਣਾ,
ਸੀਨੇ ਮੈਥੋਂ ਨਾ ਕਿਸੇ ਨੂੰ ਲਗਾ ਹੋਣਾ।
ਸਾਥ ਮੇਰਾ ਜੋ ਚਿਰਾਂ ਤੋਂ ਬਣਿਆ ਸੀ,
ਉਹ ਸਾਥ ਨਾ ਮੈਥੋਂ ਨਿਭਾ ਹੋਣਾ।
ਜਿਹੜੀ ਅੱਖ ਸੀ ਚਮਕਦੀ ਦੇਖ ਮੈਨੂੰ,
ਉਹ ਅੱਖ 'ਚੋਂ ਹੰਝੂ ਨਾ ਛੁਪਾ ਹੋਣਾ।
ਮੈਨੂੰ ਲੈਣ ਆਇਆਂ, ਮੈਨੂੰ ਲੈ ਤੁਰਨਾ,
ਉਨ੍ਹਾਂ ਕੋਲੋਂ ਨਾ ਮੈਨੂੰ ਛੁਡਾ ਹੋਣਾ।
ਮੈਨੂੰ ਮਾਫ਼ ਕਰਨਾ ਮੈਂ ਮਜਬੂਰ ਯਾਰੋ।
ਹੁਣ ਵਾਪਸ ਤਾਂ ਮੈਥੋਂ ਨਾ ਆ ਹੋਣਾ।
ਹੋ ਸਕਿਆ ਤਾਂ ਤੁਸੀਂ ਭੁੱਲ ਜਾਣਾ,
ਤੇ ਯਾਰ ਸੋਹਣਾ ਜਿਹਾ ਦੇਖ ਕੇ ਬਣਾ ਲੈਣਾ।

ooo

# 38. 'ਖਾੜਕੂ' ਪੁੱਤ ਨੂੰ ਮਾਂ ਦਾ ਤਰਲਾ

ਮਾਂ- ਰਾਤ ਵੇਲੇ ਪੁੱਤ ਐਵੇਂ ਬਾਹਰ ਨੂੰ ਨਾ ਜਾਇਆ ਕਰ।
ਪਿਉ ਤੇਰਾ ਲੜੂ ਘਰ ਟੈਮ ਨਾਲ ਆਇਆ ਕਰ।
ਬੁਰਾ ਨਾ ਮਨਾਵੀਂ ਪੁੱਤਾ ਸਮਾਂ ਨਹੀਂ ਚੰਗਾ,
ਥਾਂ ਥਾਂ 'ਤੇ ਪੁਲਿਸ ਤਾਇਨਾਤ ਰਹਿੰਦੀ ਏ।
ਮਾਂਵਾਂ ਦਾ ਵੇ ਦਿਲ ਉਦੋਂ ਡੁੱਬ-2 ਜਾਵੇ,
ਜਦੋਂ ਚੰਦਰੀ ਪੰਜਾਬ ਵਿਚ ਰਾਤ ਪੈਂਦੀ ਏ।

ਪੁੱਤਰ- ਮੇਰੇ ਨਾਲ ਮਾਏ ਬਹੁਤਾ ਪਿਆਰ ਨਾ ਤੂੰ ਪਾਈਂ,
ਕਹਿਣ ਲੱਗਾਂ ਸੱਚ, ਕਿਤੇ ਡੋਲ ਨਾ ਤੂੰ ਜਾਈਂ।
ਪੁਲਿਸ ਦਾ ਕੰਮ ਉਹਨਾਂ ਸਿੱਖਾਂ ਨੂੰ ਮੁਕਾਉਣਾ,
ਜਿਹੜੇ ਗੁਰੂ ਬਾਜਾਂ ਵਾਲੇ ਦੀ ਨੇ ਗੱਲ ਕਰਦੇ।
ਕਿੰਨੇ ਲਾਡਾਂ ਨਾਲ ਪਾਲੇ ਹੋਣੇ ਉਹ ਪੁੱਤ,
ਜਿਹੜੇ ਪੁਲਿਸ ਮੁਕਾਬਲਿਆਂ ਵਿੱਚ ਮਰਦੇ।

ਮਾਂ- ਮੈਨੂੰ ਐਵੇਂ ਬਹੁਤੀਆਂ ਦਲੀਲਾਂ ਨਾ ਤੂੰ ਦਿਆ ਕਰ।
ਤੇਰੇ ਨਾਲੋਂ ਪੁੱਤ ਮੈ ਸਿਆਣੀ ਆਂ।
ਚੰਦਰੇ ਜ਼ਮਾਨੇ ਬਾਰੇ ਤੈਨੂੰ ਕੁੱਝ ਪਤਾ ਨਹੀਂ,
ਸੋਚ ਤੇਰੀ ਪੁੱਤਰਾ ਨਿਆਣੀ ਆ।
ਰਹਿਣਾ ਜੋ ਸਮੁੰਦਰ 'ਚ ਮੱਛ ਨਾਲ ਨਈ ਵੈਰ ਚੰਗਾ,
ਉਸ ਦੀ ਅਧੀਨਗੀ ਤਾਂ ਸਹਿਣੀ ਪੈਂਦੀ ਏ।
ਮਾਂਵਾਂ ਦਾ ਵੇ ਦਿਲ ਉਦੋਂ ਡੁੱਬ-2 ਜਾਵੇ,
ਜਦੋਂ ਚੰਦਰੀ ਪੰਜਾਬ ਵਿਚ ਰਾਤ ਪੈਂਦੀ ਏ।

ਪੁੱਤਰ- ਤੇਰੇ ਨਾਲੋਂ ਮਾਂਏ, ਮਾਤਾ ਗੁਜਰੀ ਸਿਆਣੀ।

ਜਿਨ੍ਹੇ ਸਾਰਾ ਪਰਿਵਾਰ ਹੱਥੀਂ ਤੋਰਿਆ।
ਛੋਟੇ ਸਾਹਿਬਜ਼ਾਦਿਆਂ ਨੂੰ ਕਹਿੰਦਾ ਜੋ ਨਿਆਣੇ,
ਉਸ ਸੂਬੇ ਦਾ ਭਰਮ ਉਹਨਾਂ ਤੜਿਆ।
ਹੌਸਲੇ ਦੇ ਅੱਗੇ ਸਭ ਕੁਝ ਝੁੱਕ ਜਾਂਦਾ,
ਦੇਖ ਦਸ ਲੱਖ ਨਾਲ ਚਾਲੀ ਸਿੰਘ ਲੜਦੇ।
ਕਿੰਨੇ ਲਾਡਾਂ ਨਾਲ ਪਾਲੇ ਹੋਣੇ ਉਹ ਪੁੱਤ,
ਜਿਹੜੇ ਪੁਲਿਸ ਮੁਕਾਬਲਿਆਂ ਵਿੱਚ ਮਰਦੇ।
ਮਾਂ- ਚੰਗਾ ਭਲਾ ਸੀਗਾ, ਤੇਰੀ ਮੱਤ ਕਾਹਤੋਂ ਮਾਰੀ,
ਇਨ੍ਹਾਂ ਕੰਮਾਂ ਵਿਚੋਂ ਦੱਸ ਕੀ ਤੂੰ ਲੈਣਾ ਏ।
ਪਿੰਡ ਵਿਚੋਂ ਤੇਰੇ ਨਾਲ ਪਿਉ ਵੀ ਤੇਰਾ ਤੁਰਨਾ ਨੀ,
ਥੱਕ ਹਾਰ ਆਖ਼ਰ ਨੂੰ ਬਹਿਣਾ ਏ।
ਸਾਡੇ ਕੋਲੋਂ ਬੁੱਢੇ ਬਾਰੇ ਥਾਣੇ ਨਹੀਂ ਜਾ ਹੋਣਾ,
ਗੱਲ ਇਹ ਸੋਚ ਮੇਰੀ ਅੱਖ ਰੋਂਦੀ ਏ।
ਮਾਂਵਾਂ ਦਾ ਵੇ ਦਿਲ ਉਦੋਂ ਡੁੱਬ-2 ਜਾਵੇ,
ਜਦੋਂ ਚੰਦਰੀ ਪੰਜਾਬ ਵਿਚ ਰਾਤ ਪੈਂਦੀ ਏ।
ਪੁੱਤਰ- ਸਾਰੇ ਹੀ ਪੰਜਾਬ ਵਿਚ ਹਾ ਹਾ ਕਾਰ ਮੱਚੀ,
ਕਿਵੇਂ ਦਿਨੇ ਰਾਤੀਂ ਵੈਣ ਕੰਨੀ ਪੈਂਦੇ ਨੇ,
ਖੌਰੇ ਕਿੰਨੇ ਗੱਭਰੂ ਪੰਜਾਬੀ ਮਾਰ ਦਿੱਤੇ?
ਉਹ ਵੀ ਮਾਰ ਦੇਣੇ ਬਾਕੀ ਜਿਹੜੇ ਰਹਿੰਦੇ ਨੇ।
ਦੇ ਕੇ ਅਖਬਾਰ ਵਿੱਚ ਭਾਰ ਹੌਲਾ ਕਰੋ,
ਕਹਿ ਦੋ ਅਸੀਂ ਮੁੰਡਾ ਬੇਦਖਲ ਕਰਦੇ।
ਕਿੰਨੇ ਚਾਵਾਂ ਨਾਲ ਪਾਲੇ ਹੋਣੇ ਉਹ ਪੁੱਤ,
ਜਿਹੜੇ ਪੁਲਿਸ ਮੁਕਾਬਲਿਆਂ ਵਿੱਚ ਮਰਦੇ।
ਮਾਂ- ਮੋਢਿਆਂ ਦੇ ਉਤੇ ਚੁੱਕ ਗਭੱਰੂ ਜਵਾਨ ਪੁੱਤ,

ਬਾਪ ਕੋਲੋਂ ਪੈਰ ਪੁੱਟ ਹੋਵੇ ਨਾ।
ਪੁੱਤ ਹੋਵੇ ਮਾੜਾ ਭਾਵੇਂ ਘਰੋਂ ਕੱਢ ਦੇਈਏ,
ਕਿਹੜੀ ਮਾਂ ਜੋ ਲਾਸ਼ ਪੁੱਤ ਦੀ ਨੂੰ ਰੋਵੇ ਨਾ।
ਲਾਸ਼ ਤੇਰੀ ਦੇਖ ਮੇਰਾ ਕਾਲਜਾ ਹੀ ਪਾਟ ਜਾਣਾ,
ਦਿਨ ਰਾਤ ਚੀਸ ਸੀਨੇ ਵਿਚ ਪੈਂਦੀ ਏ।
ਮਾਂਵਾਂ ਦਾ ਵੇ ਦਿਲ ਉਦੋਂ ਡੁੱਬ-2 ਜਾਵੇ,
ਜਦੋਂ ਚੰਦਰੀ ਪੰਜਾਬ ਵਿਚ ਰਾਤ ਪੈਂਦੀ ਏ।
ਪੁੱਤਰ- ਲਾਸ਼ ਮੇਰੀ ਦੇਖਣੇ ਦੀ ਆਸ ਨਾ ਤੂੰ ਰੱਖੀਂ।
ਮੇਰੇ ਮੋਏ ਦੀ ਵੀ ਖਬਰ ਨਈ ਆਉਣੀ ਏ।
ਮਿਲ ਗਈਆਂ ਲੱਕੜਾਂ ਤਾਂ ਫੂਕ ਦੇਣਾ ਮੈਨੂੰ,
ਨਹੀ ਤਾਂ ਕਿਸੇ ਨਹਿਰ ਵਿੱਚ ਰੋੜ ਦੇਣੀ ਏ।
ਚੁੱਕਣੀ ਨੀ ਪੈਣੀ ਲਾਸ਼ ਬਾਪੂ ਜੀ ਨੂੰ ਮੋਢਿਆਂ 'ਤੇ,
ਆਖਰੀ ਫ਼ਰਜ਼ ਵੀ ਏ ਪੂਰਾ ਕਰਦੇ।
ਕਿੰਨੇ ਚਾਵਾਂ ਨਾਲ ਪਾਲੇ ਹੋਣੇ ਉਹ ਪੁੱਤ,
ਜਿਹੜੇ ਪੁਲਿਸ ਮੁਕਾਬਲਿਆਂ ਵਿੱਚ ਮਰਦੇ।
ਮਾਂ- ਤੇਰੀ ਭੱਜ ਨੱਠ ਦਾ ਵੇ ਮੁੱਲ ਕਿੰਨ੍ਹੇ ਪਾਉਣਾ,
ਐਵੇਂ ਜੇਲ੍ਹਾਂ ਵਿਚ ਉਮਰ ਬਿਤਾਏਂਗਾ।
ਨੂੜ ਕੇ ਵੇ ਤੈਨੂੰ ਜਦੋਂ ਦੇਣਗੇ ਤਸੀਹੇ,
ਉਸ ਵੇਲੇ ਮੇਰੇ ਲਾਲ ਪਛਤਾਏਂਗਾ।
ਤੇਰੇ ਨਾਲੋਂ ਪਹਿਲਾਂ ਇਥੇ ਬੜੇ ਹੋ ਕੇ ਤੁਰ ਗਏ ਨੇ,
ਦੁਨੀਆਂ ਕਿਸੇ ਦਾ ਨਹੀਂ ਨਾਮ ਲੈਂਦੀ ਏ।
ਮਾਂਵਾਂ ਦਾ ਵੇ ਦਿਲ ਉਦੋਂ ਡੁੱਬ-ਡੁੱਬ ਜਾਵੇ,
ਜਦੋਂ ਚੰਦਰੀ ਪੰਜਾਬ ਵਿਚ ਰਾਤ ਪੈਂਦੀ ਏ।
ਪੁੱਤਰ- ਸਿੱਖਾਂ ਦੇ ਸਿਰਾਂ ਦੇ ਮੁੱਲ ਸ਼ੁਰੂ ਤੋਂ ਹੀ ਪੈਂਦੇ ਆਏ,

ਮੇਰਾ ਵੀ ਇਹ ਸਿਰ ਵਿਕ ਜਾਊਗਾ।
ਜਿਸ ਨੇ ਮੁਕਾਬਲਾ ਬਣਾਇਆ ਮਾਂਏ ਮੇਰਾ,
ਉਹਦੇ ਮੋਢੇ 'ਤੇ ਸਟਾਰ ਟਿਕ ਜਾਊਗਾ।
ਕਹੀਂ ਨਾ ਤੂੰ ਮੇਰਾ ਕਿਸੇ ਨਾਂ ਵੀ ਨੀ ਲੈਣਾ,
ਵੇਖੀਂ ਵੈਰਵਾਲ ਵਿਚ ਮੇਰੀ ਗੱਲ ਕਰਦੇ।
ਕਿੰਨੇ ਲਾਡਾਂ ਨਾਲ ਪਾਲੇ ਹੋਣੇ ਉਹ ਪੁੱਤ,
ਜਿਹੜੇ ਪੁਲਿਸ ਮੁਕਾਬਲਿਆਂ ਵਿੱਚ ਮਰਦੇ।
ਕਿੰਨੇ ਚਾਵਾਂ ਨਾਲ ਪਾਲੇ ਹੋਣੇ ਉਹ ਪੁੱਤ,
ਜਿਹੜੇ ਪੁਲਿਸ ਮੁਕਾਬਲਿਆਂ ਵਿੱਚ ਮਰਦੇ।

# 39. ਅਣ ਜੰਮੀ ਭੈਣ ਨੂੰ...?

ਵਿੱਚ ਕੁੱਖ ਦੇ ਪਲਦੀਏ ਭੈਣੇ ਨੀ,
ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ।
ਮੈਂ ਕਿੱਥੋਂ ਗੱਲ ਨੂੰ ਸ਼ੁਰੂ ਕਰਾਂ ?
ਇਹ ਸੋਚ ਸੋਚ ਘਬਰਾਉਂਦਾ ਹਾਂ।
ਹੁਣ ਪੂਰਾ ਨਹੀਂਉਂ ਹੋਣ ਦੇਣਾ,
ਤੈਨੂੰ ਮਿਲਣੇ ਵਾਲਾ ਚਾਅ ਭੈਣੇ।
ਹੁਣ ਮਿਲਣਾ ਤਾਂ ਗੱਲ ਦੂਰ ਰਹੀ, ਤੈਨੂੰ ਲੈਣ ਨਹੀਂ ਦੇਣਾ ਸਾਹ ਭੈਣੇ।
ਡਾਕਟਰ ਨੇ ਜਿਸ ਦਿਨ ਦਸਿਆ ਸੀ,
ਉਸ ਦਿਨ ਦਾ ਘਰ ਵਿੱਚ ਸੋਗ ਪਿਆ।
ਤੂੰ ਦੁਨੀਆਂ ਹਾਲੇ ਦੇਖੀ ਨਾ,
ਤੇਰੇ ਵਿਆਹ ਦਾ ਸਭ ਨੂੰ ਬੋਝ ਪਿਆ।
ਤੈਨੂੰ ਇਨ੍ਹਾਂ ਕੋਲੋਂ ਬਚਾਉਣੇ ਦਾ,
ਮੈਨੂੰ ਦਿਸਦਾ ਨਾ ਕੋਈ ਰਾਹ ਭੈਣੇ।
ਹੁਣ ਮਿਲਣਾ ਤਾਂ ਗੱਲ ਦੂਰ ਰਹੀ, ਤੈਨੂੰ ਲੈਣ ਨਹੀਂ ਦੇਣਾ ਸਾਹ ਭੈਣੇ।
ਰੱਬ ਵਰਗੀ ਮੈਨੂੰ ਮਾਂ ਦਿੱਤੀ,
ਉਸ ਦਾਤੇ ਦੀ ਹੀ ਰਹਿਮਤ ਸੀ।
ਰਾਤੀ ਗੱਲਾਂ ਸੁਣ ਕੇ ਦੁੱਖ ਹੋਇਆ,
ਮੰਮੀ ਕਤਲ ਕਰਨ ਵਿੱਚ ਸਹਿਮਤ ਸੀ।
ਤੈਨੂੰ ਕੁੱਖ ਦੇ ਵਿਚ ਹੀ ਗਾਲ ਦਈਏ,
ਮੰਮੀ ਨੇ ਦਿੱਤੀ ਸਲਾਹ ਭੈਣੇ।
ਹੁਣ ਮਿਲਣਾ ਤਾਂ ਗੱਲ ਦੂਰ ਰਹੀ, ਤੈਨੂੰ ਲੈਣ ਨਹੀਂ ਦੇਣਾ ਸਾਹ ਭੈਣੇ।

ਜਦ ਤੇਰੇ ਨਾਲ ਹੀ ਪਿਆਰ ਨਹੀਂ,
ਮੈਨੂੰ ਕਿਉਂ ਲਾਡ ਲਡਾਉਂਦੇ ਨੇ।
ਇਹ ਭੁੱਖੇ ਨੇ ਸੱਭ ਪੈਸੇ ਦੇ,
ਬਸ ਝੂਠਾ ਪਿਆਰ ਜਤਾਉਂਦੇ ਨੇ।
ਮੈਨੂੰ ਕੁੜੀ ਜੇ ਡਾਕਟਰ ਕਹਿ ਦਿੰਦਾ,
ਦਿੰਦੇ ਮੈਨੂੰ ਵੀ ਮਰਵਾ ਭੈਣੇ।
ਹੁਣ ਮਿਲਣਾ ਤਾਂ ਗੱਲ ਦੂਰ ਰਹੀ, ਤੈਨੂੰ ਲੈਣ ਨਹੀਂ ਦੇਣਾ ਸਾਹ ਭੈਣੇ।
ਮੇਰੀ ਨਿੱਕੀ ਜਹੀ ਇੱਕ ਭੈਣ ਹੋਵੇ,
ਇਹ ਖਾਹਿਸ਼ ਹੀ ਬਸ ਰਹਿ ਜਾਣੀ,
ਤੇਰੇ ਇਸ ਬੇਵੱਸ ਵੀਰੇ ਦੀ,
ਆਸਾਂ ਦੀ ਢੇਰੀ ਢਹਿ ਜਾਣੀ।
ਕੁੱਝ ਦਿਨ ਤੂੰ ਚੇਤੇ ਆਵੇਂਗੀ,
ਫਿਰ ਮੈਂ ਵੀ ਦੇਣਾ ਭੁਲਾ ਭੈਣੇ।
ਹੁਣ ਮਿਲਣਾ ਤਾਂ ਗੱਲ ਦੂਰ ਰਹੀ, ਤੈਨੂੰ ਲੈਣ ਨਹੀਂ ਦੇਣਾ ਸਾਹ ਭੈਣੇ।
ਤੂੰ ਬਹੁਤੀ ਅਜੇ ਮਾਸੂਮ ਜਹੀ,
ਘੋਰ ਕਿਜ ਪਾਪ ਕਮਾਵਨਗੇ।
ਜਿਸ ਵਿਚ ਇਹ ਖ਼ੁਦ ਵੀ ਪਲਦੇ ਰਹੇ,
ਉਸ ਕੁੱਖ ਨੂੰ ਕਬਰ ਬਨਾਵਣਗੇ।
ਮਾਂ ਬਾਪ ਤੋਂ ਜਿਹੜੀ ਬਚ ਜਾਂਦੀ,
ਉਸ ਨੂੰ ਸਹੁਰੇ ਦੇਣ ਜਲਾ ਭੈਣੇ।
ਹੁਣ ਮਿਲਣਾ ਤਾਂ ਗੱਲ ਦੂਰ ਰਹੀ, ਤੈਨੂੰ ਲੈਣ ਨਹੀਂ ਦੇਣਾ ਸਾਹ ਭੈਣੇ।
ਅੱਜ ਘਰ ਦੇ ਵਿੱਚ ਸੁੰਨਸਾਨ ਜਹੀ,
ਤੈਨੂੰ ਅੱਜ ਹੀ ਇਨ੍ਹਾਂ ਮੁਕਾਉਣਾ ਏ।
ਸਾਰਾ ਟੱਬਰ ਤਾਂ ਕਾਤਲ ਹੈ,

ਮੈਂ ਕਿਸ ਦੇ ਗਲ ਲੱਗ ਰੋਣਾ ਹੈ।
ਕਿਵੇਂ ਹੋਏ ਤਿਆਰ ਇਹ ਫਿਰਦੇ ਨੇ,
ਜਿਵੇਂ ਚੱਲੇ ਹੋਣ ਵਿਆਹ ਭੈਣੇ।
ਹੁਣ ਮਿਲਣਾ ਤਾਂ ਗੱਲ ਦੂਰ ਰਹੀ, ਤੈਨੂੰ ਲੈਣ ਨਹੀਂ ਦੇਣਾ ਸਾਹ ਭੈਣੇ।
ਅੱਜ ਮੰਮੀ ਦੇ ਗਲ ਲੱਗ ਕੇ ਨੀ,
ਮੈਨੂੰ ਹੋਈ ਏ ਅੱਜ ਖ਼ੁਸ਼ੀ ਜਹੀ।
ਅੱਜ ਤੈਨੂੰ ਮੈਂ ਮਹਿਸੂਸ ਕੀਤਾ,
ਭਾਵੇਂ ਕੁੱਖ ਦੇ ਵਿੱਚ ਤੂੰ ਲੁਕੀ ਪਈ।
ਮੰਮੀ ਡੈਡੀ ਘਰ ਤੋਂ ਤੁਰ ਪਏ ਨੇ,
ਮੈਨੂੰ ਆਖਰੀ ਫਤਹਿ ਬੁਲਾ ਭੈਣੇ,
ਹੁਣ ਮਿਲਣਾ ਤਾਂ ਗੱਲ ਦੂਰ ਰਹੀ, ਤੈਨੂੰ ਲੈਣ ਨਹੀਂ ਦੇਣਾ ਸਾਹ ਭੈਣੇ।
'ਵੈਰੋਂਵਾਲੀਆ' ਇਸ ਇਨਸਾਨ ਨਾਲੋਂ,
ਪਸ਼ੂ ਪੰਛੀ ਹੀ ਫਿਰ ਚੰਗੇ ਨੇ।
ਇਹ ਕੁੱਖ 'ਚ ਧੀਆਂ ਮਾਰ ਦਿੰਦੇ,
ਇਹ ਜਾਨਵਰਾਂ ਤੋਂ ਵੀ ਲੰਘੇ ਨੇ।
ਹੁਣ ਹੱਥੀਂ ਧੀਆਂ ਮਾਰਨ ਦੀ,
ਇਹ ਕਰਦੇ ਨਹੀਂ ਪਰਵਾਹ ਭੈਣੇ।
ਹੁਣ ਮਿਲਣਾ ਤਾਂ ਗੱਲ ਦੂਰ ਰਹੀ, ਤੈਨੂੰ ਲੈਣ ਨਹੀਂ ਦੇਣਾ ਸਾਹ ਭੈਣੇ।

ooo

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)



## ਗੁਰਜੀਤ ਸਿੰਘ ਵੈਰੋਂਵਾਲ

ਕੋਮਲ ਕਲਾ ਕਿਸੇ ਵਿਅਕਤੀ ਵਿਸ਼ੇਸ਼ ਦੀ ਮਾਲਕੀ ਨਹੀ ਹੈ। ਕੁਦਰਤ ਵਿੱਚ ਕਦੀ ਹੈਰਾਨ ਕਰਨ ਵਾਲੀਆਂ ਕਲਾਵਾਂ ਦੇ ਝਲਕਾਰੇ ਵੇਖਣ ਸੁਣਨ ਨੂੰ ਮਿਲਦੇ ਹਨ। ਪੱਥਰ ਨੂੰ ਤਰਾਸਿਆਂ ਮੂਰਤੀ ਬਣਦੀ ਹੈ। ਜੰਗਲ ਨੂੰ ਤਰਤੀਬ ਦਿੰਦਿਆਂ ਬਾਗ ਬਣ ਜਾਂਦਾ ਹੈ। ਸਾਜ ਨੂੰ ਸੁਰ ਕੀਤਿਆਂ ਸੰਗੀਤ ਪੈਦਾ ਹੁੰਦਾ ਹੈ। ਮਨ ਨੂੰ ਸਾਧ ਕੇ ਤਰਤੀਬ ਦਿੱਤਿਆਂ ਗਿਆਨ ਪ੍ਰਗਟ ਹੁੰਦਾ ਹੈ। ਸਾਹਿਤ ਪੜਦਿਆਂ, ਅੱਖਰਾਂ ਨੂੰ ਤਰਤੀਬ ਦੇਣ ਦੀ ਕਲਾ ਤਾਰੀ ਹੁੰਦੀ ਹੈ। ਮਨ ਦੇ ਵੇਗ ਨੂੰ ਜੇ ਅੱਖਰਾਂ ਦੁਆਰਾ ਪ੍ਰਗਟ ਕਰਨ ਦੀ ਜਾਚ ਆ ਜਾਵੇ ਤਾਂ ਸਾਹਿਤ ਅਤੇ ਕਵਿਤਾ ਵਹਿ ਟੁਰਦੀ ਹੈ। ਕੇਵਲ 22 ਕੁ ਸਾਲ ਦੇ ਹੋਣਹਾਰ ਨੌਜਵਾਨ ਕਵੀ ਤੋਂ ਜਦੋਂ ਮੈਂ ਪਹਿਲੀ ਵਾਰ ਕਵਿਤਾ ਸੁਣੀ ਬਹੁਤ ਪ੍ਰਭਾਵਤ ਹੋਇਆ ਸ਼ਾਬਾਸ ਦਿੱਤੀ ਕਿ ਇੰਨੀ ਛੋਟੀ ਉਮਰ ਵਿੱਚ ਇੰਨੇ ਉੱਤਮ ਵਿਚਾਰ, ਡੂੰਘਾ ਪੰਥਕ ਜਜਬਾ, ਠਾਠਾਂ ਮਾਰਦਾ ਸਿੱਖੀ ਪਿਆਰ।

ਇਸ ਪੁਸਤਕ ਵਿੱਚ ਭਾਈ ਗੁਰਜੀਤ ਸਿੰਘ ਨੇ ਆਪਣੀ ਛੋਟੀ ਉਮਰ ਦੇ ਹਿਸਾਬ ਨਾਲ ਵੱਡੀਆਂ ਗੱਲਾਂ ਕੀਤੀਆਂ ਹਨ। ਭਾਵੇਂ ਹਾਲੀ ਤਜਰਬਾ ਘੱਟ ਹੈ। ਪਰ ਇਸ ਪਲੇਠੀ ਕਿਤਾਬ ਨੂੰ ਪੜ੍ਹਕੇ ਇਉਂ ਪ੍ਰਤੀਤ ਹੁੰਦਾ ਹੈ ਕਿ ਆਉਣ ਵਾਲੇ ਸਮੇ ਵਿੱਚ ਇਹ ਕਲਮ ਸਿੱਖੀ ਜਜਬੇ ਨਾਲ ਭਰਭੂਰ, ਹੋਰ ਪੁਸਤਕਾ ਭੀ ਪੰਥ ਦੀ ਝੋਲੀ ਵਿੱਚ ਪਾਵੇਗੀ। ਆਓ ਸਾਰੇ ਉਭਰ ਰਹੇ ਕਵੀ ਦਾ ਹੌਸਲਾ ਵਧਾਈਏ।

**ਪ੍ਰੋ: ਇੰਦਰ ਸਿੰਘ ਘੱਗਾ**

ਪ੍ਰਕਾਸ਼ਕ

ਫਤਿਹ ਪਬਲੀਕੇਸ਼ਨਜ਼ 90- ਵਿਦਿਆ ਨਗਰ
ਡਾਕ ਪੰਜਾਬੀ ਯੂਨੀਵਰਸਿਟੀ ਪਟਿਆਲਾ

ਮੁੱਲ : 50/-